### ਅਧਿਆਇ 30

# ਡੇਹਰੇ ਦੇ ਲਈ ਹਦਾਇਤਾਂ (ਭਾਗ 4)

ਅਧਿਆਇ 30 ਡੇਹਰੇ ਦੇ ਵੱਖ ਵੱਖ ਭਾਗਾਂ ਨੂੰ ਬਣਾਉਣ ਦੇ ਲਈ ਪਰਮੇਸ਼ੁਰ ਦੀਆਂ ਹਿਦਾਇਤਾਂ ਨੂੰ ਪੂਰਾ ਕਰਦਾ ਹੈ। ਜਾਜਕਾਂ ਦੇ ਬਸਤਰ, ਥਾਪਨਾ, ਅਤੇ ਕੰਮ ਦਾ ਵਰਣਨ ਕਰਨ ਤੋਂ ਬਾਅਦ (ਅਧਿਆਏ 28; 29), ਉਸ ਨੇ ਧੂਪ ਦੀ ਜਗਵੇਦੀ ਬਣਾਉਣ ਦੀਆਂ ਹਿਦਾਇਤਾਂ ਦਿੱਤੀਆਂ (30:1-10)। ਫਿਰ, ਉਸ ਨੇ ਹੁਕਮ ਦਿੱਤਾ ਕਿ ਡੇਹਰੇ ਦੇ "ਕੰਮ" ਲਈ ਲੋਕਾਂ ਕੋਲੋਂ ਕਰ ਭਰਿਆ ਜਾਵੇ (30:11-16)। ਵਰਣਨ ਕੀਤੇ ਗਏ ਫਰਨੀਚਰ ਦੀ ਆਖਰੀ ਵਸਤੂ ਪਿੱਤਲ ਦਾ ਹੌਦ ਹੈ (30:17-21)। ਫਿਰ ਉਸ ਨੇ "ਮਸਹ ਦੇ ਪਵਿੱਤਰ ਤੇਲ" (30:22-33) ਨੂੰ ਬਣਾਉਣ ਅਤੇ ਉਸ ਨੂੰ ਵਰਤਣ ਦੀਆਂ ਹਿਦਾਇਤਾਂ ਦਿੱਤੀਆਂ (30:34-38)।

## ਧੂਪ ਧੁਖਾਉਣ ਲਈ ਜਗਵੇਦੀ (30:1-10)

**1ਤੂੰ ਧੂਪ ਧੁਖਾਉਣ ਲਈ ਇੱਕ ਜਗਵੇਦੀ ਬਣਾਈਂ ਅਤੇ ਤੂੰ ਉਸ ਨੂੰ ਸ਼ਿੱਟੀਮ ਦੀ ਲੱਕੜੀ ਤੋਂ
ਬਣਾਈਂ। 2ਉਸ ਦੀ ਲੰਬਾਈ ਇੱਕ ਹੱਥ ਉਸ ਦੀ ਚੁੜਾਈ ਇੱਕ ਹੱਥ ਅਤੇ ਉਹ ਚੌਰਸ ਹੋਵੇ। ਉਸ
ਦੀ ਉਚਾਈ ਦੋ ਹੱਥ ਅਤੇ ਉਸ ਦੇ ਸਿੰਙ ਉਸੇ ਤੋਂ ਹੋਣ। 3ਤੂੰ ਉਸ ਨੂੰ ਖ਼ਾਲਸ ਸੋਨੇ ਨਾਲ ਮੜ੍ਹੀਂ
ਅਰਥਾਤ ਉਹ ਦਾ ਉੱਪਰਲਾ ਪਾਸਾ ਅਤੇ ਉਹ ਦੇ ਚੁਫੇਰੇ ਦੇ ਪਾਸੇ ਅਤੇ ਉਹ ਦੇ ਸਿੰਙ ਤੂੰ ਉਹ ਦੇ
ਚੁਫੇਰੇ ਇੱਕ ਸੋਨੇ ਦੀ ਬਨੇਰੀ ਬਣਾਈਂ। 4ਤੂੰ ਉਹ ਦੇ ਲਈ ਸੋਨੇ ਦੇ ਦੋ ਕੜੇ ਉਸ ਦੀ ਬਨੇਰੀ ਦੇ ਹੇਠ
ਉਸ ਦੇ ਦੋਹਾਂ ਖੂੰਜਿਆਂ ਉੱਤੇ ਉਸ ਦੇ ਦੋਹੀਂ ਪਾਸੀਂ ਬਣਾਈਂ। ਓਹ ਉਸ ਦੇ ਚੁੱਕਣ ਲਈ ਚੋਬਾਂ ਦੀ ਥਾਂ
ਹੋਣ। 5ਤੂੰ ਚੋਬਾਂ ਸ਼ਿੱਟੀਮ ਦੀ ਲੱਕੜੀ ਦੀਆਂ ਬਣਾਈਂ ਅਤੇ ਉਨ੍ਹਾਂ ਨੂੰ ਸੋਨੇ ਨਾਲ ਮੜ੍ਹੀਂ। 6ਤੂੰ ਉਹ ਨੂੰ
ਪੜਦੇ ਦੇ ਅੱਗੇ ਜਿਹੜਾ ਸਾਖੀ ਦੇ ਸੰਦੂਕ ਦੇ ਕੋਲ ਹੈ ਅਤੇ ਪਰਾਸਚਿਤ ਦੇ ਸਰਪੋਸ਼ ਦੇ ਅੱਗੇ ਜਿਹੜਾ
ਸਾਖੀ ਦੇ ਉੱਤੇ ਹੈ ਰੱਖੀਂ ਜਿੱਥੇ ਮੈਂ ਤੇਰੇ ਨਾਲ ਮਿਲਾਂਗਾ। 7ਅਰ ਹਾਰੂਨ ਉਸ ਉੱਤੇ ਸੁਗੰਧੀ ਧੂਪ ਹਰ
ਸਵੇਰ ਦੇ ਸਮੇਂ ਧੁਖਾਵੇ। 8ਜਦ ਹਾਰੂਨ ਦੀਵਿਆਂ ਨੂੰ ਸੰਝ ਦੇ ਵੇਲੇ ਜਗਾਵੇ ਤਦ ਉਹ ਤੁਹਾਡੀਆਂ
ਪੀੜ੍ਹੀਆਂ ਤੀਕ ਸਦਾ ਲਈ ਯਹੋਵਾਹ ਦੇ ਸਨਮੁਖ ਧੂਪ ਧੁਖਾਵੇ। 9ਤੁਸੀਂ ਉਸ ਉੱਤੇ ਨਾ ਓਪਰਾ ਧੂਪ
ਨਾ ਹੋਮ ਦੀ ਬਲੀ ਨਾ ਮੈਦੇ ਦੀ ਭੇਟ ਚੜ੍ਹਾਇਓ ਅਤੇ ਨਾ ਉਸ ਉੱਤੇ ਪੀਣ ਦੀ ਭੇਟ ਡੋਹਲਿਓ।
10ਅਰ ਹਾਰੂਨ ਉਸ ਦੇ ਸਿੰਙਾਂ ਉੱਤੇ ਵਰਹੇ ਵਿੱਚ ਇੱਕ ਵਾਰੀ ਪਰਾਸਚਿਤ ਕਰੇ ਅਤੇ ਪਰਾਸਚਿਤ
ਦੇ ਪਾਪ ਦੀ ਭੇਟ ਤੋਂ ਲੈਕੇ ਵਰਹੇ ਵਿੱਚ ਇੱਕ ਵਾਰ ਤੁਹਾਡੀਆਂ ਪੀੜ੍ਹੀਆਂ ਤੀਕ ਪਰਾਸਚਿਤ ਕਰੇ।
ਏਹ ਯਹੋਵਾਹ ਲਈ ਅੱਤ ਪਵਿੱਤ੍ਰ ਹੈ।**

ਪ੍ਰਭੂ ਨੇ ਉਸ ਸਮੇਂ ਤੱਕ ਧੂਪ ਦੀ ਜਗਵੇਦੀ ਬਣਾਉਣ ਦੀਆਂ ਹਿਦਾਇਤਾਂ ਨਹੀਂ ਦਿੱਤੀਆਂ ਜਦੋਂ ਤੱਕ ਉਸ ਨੇ ਡੇਹਰੇ ਦੇ ਸੰਬੰਧ ਵਿਚ ਆਪਣਾ ਵੇਰਵਾ ਲਗਭਗ ਪੂਰਾ ਨਾ ਕਰ ਲਿਆ। ਤੰਬੂ ਦੇ ਹੋਰ ਸਾਜ਼-ਸਮਾਨ ਦਾ ਪਹਿਲਾਂ, ਅਧਿਆਇ 25 ਵਿਚ ਵਰਣਨ ਕੀਤਾ ਗਿਆ ਸੀ। ਲਿਖਤ ਤੋਂ ਕੋਈ ਸਪੱਸ਼ਟ ਕਾਰਣ ਨਹੀਂ ਮਿਲਦਾ ਕਿ ਧੂਪ ਦੀ ਜਗਵੇਦੀ ਨੂੰ ਤੰਬੂ ਦੀਆਂ ਹੋਰਨਾਂ ਵਸਤੂਆਂ ਤੋਂ ਵੱਖਰਾ

ਕਿਉਂ ਕੀਤਾ ਗਿਆ ਸੀ। ਸ਼ਾਇਦ 30 ਅਧਿਆਇ ਵਿਚ ਜਗਵੇਦੀ ਦੇ ਲਈ ਹਿਦਾਇਤਾਂ ਦਿੱਤੀਆਂ ਗਈਆਂ ਸਨ ਕਿਉਂਕਿ ਉਸ ਵਿਚ ਜਾਜਕਾਂ ਦੀ ਭੂਮਿਕਾ ਦੇ ਨਾਲ ਸੰਬੰਧਤ ਜਾਣਕਾਰੀ ਸੀ, ਜੋ ਅਧਿਆਇ 28 ਅਤੇ 29 ਦਾ ਵਿਸ਼ਾ ਸੀ। ਜਿਵੇਂ ਜਾਜਕ ਨੂੰ ਹਰ ਰੋਜ਼ ਦੋ ਵਾਰ ਬਲੀਦਾਨ ਚੜ੍ਹਾਉਣੇ ਪੈਂਦੇ ਸਨ (29:38, 39), ਉਹ ਦਿਨ ਵਿਚ ਦੋ ਵਾਰ ਦੀਵਿਆਂ ਨੂੰ ਸੁਆਰਦਾ ਅਤੇ ਧੂਪ ਧੁਖਾਉਂਦਾ ਸੀ (30:7, 8) ਅਤੇ ਸਾਲ ਵਿਚ ਇੱਕ ਵਾਰ ਜਗਵੇਦੀ ਤੇ ਪ੍ਰਾਸਚਿਤ ਕਰਦਾ ਸੀ (30:10)।

**ਆਇਤਾਂ 1-3. ਜਗਵੇਦੀ** ਦੇ ਲਈ ਇਨ੍ਹਾਂ ਹਿਦਾਇਤਾਂ ਨੂੰ ਰੱਖਿਆ ਜਾਣਾ ਉਲਝਣ ਭਰਿਆ ਹੋ ਸਕਦਾ ਹੈ, ਪਰ ਵੇਰਵੇ ਦਾ ਪਾਲਣ ਕਰਨਾ ਅਸਾਨ ਹੈ। ਇਹ **ਸ਼ਿੱਟੀਮ ਦੀ ਲੱਕੜੀ** ਤੋਂ ਬਣੀ ਅਤੇ **ਖ਼ਾਲਸ ਸੋਨੇ** ਨਾਲ ਮੜ੍ਹੀ ਹੋਣੀ ਚਾਹੀਦੀ ਸੀ, ਜਿਵੇਂ ਕਿ ਸਭ ਤੋਂ ਪਵਿੱਤਰ ਸਥਾਨ ਦੇ ਨੇੜੇ ਫਰਨੀਚਰ ਦੇ ਲਈ ਢੁੱਕਵਾਂ ਸੀ। **ਉਸ ਦੀ ਲੰਬਾਈ ਇੱਕ ਹੱਥ** [18"] **ਉਸ ਦੀ ਚੁੜਾਈ ਇੱਕ ਹੱਥ ਅਤੇ ਉਹ ਚੋਰਸ ਹੋਵੇ। ਉਸ ਦੀ ਉਚਾਈ ਦੋ ਹੱਥ** [3'] ਹੋਵੇ। ਜਗਵੇਦੀ ਦੇ **ਸਿੰਙ** ਸਨ, ਅਰਥਾਤ, ਚਾਰਾਂ ਕੋਨਿਆਂ ਤੇ ਸਿੰਙਾਂ ਵਰਗੀ ਸਮੱਗਰੀ। ਅੰਤ ਵਿਚ, ਚੁਫੇਰੇ ਇੱਕ **ਸੋਨੇ ਦੀ ਬਨੇਰੀ** ਤਿਆਰ ਕੀਤੀ ਜਾਣੀ ਸੀ।

**ਆਇਤਾਂ 4, 5.** ਤੰਬੂ ਵਿਚਲੇ ਹੋਰ ਫਨੀਚਰ ਦੇ ਵਾਂਗ, ਇਹ ਵੀ ਚੁੱਕ ਕੇ ਲੈ ਜਾਣ ਦੇ ਯੋਗ ਹੋਣੀ ਚਾਹੀਦੀ ਸੀ। ਇਸ ਲਈ, ਇਸ ਨੂੰ **ਸੋਨੇ ਦੇ ਕੜੇ** (ਕੜਿਆਂ) ਅਤੇ **ਚੋਬਾਂ** ਦੀ ਲੋੜ ਸੀ, ਜੋ **ਸ਼ਿੱਟੀਮ ਦੀ ਲੱਕੜੀ** ਤੋਂ ਬਣਾਏ ਅਤੇ **ਸੋਨੇ** ਨਾਲ ਮੜ੍ਹੇ ਹੋਏ ਸਨ। ਇਨ੍ਹਾਂ ਚੋਬਾਂ ਨੇ ਜਗਵੇਦੀ ਨੂੰ ਬਿਨਾਂ ਛੂਹੇ ਲੈ ਜਾਣਾ ਸੰਭਵ ਬਣਾ ਦਿੱਤਾ ਸੀ।

**ਆਇਤ 6.** ਪਰਮੇਸ਼ੁਰ ਨੇ ਕਿਹਾ ਕਿ **ਉਸ ਨੂੰ** ਧੂਪ ਦੀ (ਜਗਵੇਦੀ) ਨੂੰ **ਪੜਦੇ ਦੇ ਅੱਗੇ ਜਿਹੜਾ ਸਾਖੀ ਦੇ ਸੰਦੂਕ ਦੇ ਕੋਲ ਹੈ ਅਤੇ ਪਰਾਸਚਿਤ ਦੇ ਸਰਪੋਸ਼ ਦੇ ਅੱਗੇ ਜਿਹੜਾ ਸਾਖੀ ਦੇ ਉੱਤੇ ਹੈ** ਰੱਖਿਆ ਜਾਵੇ। ਟੀਕਾਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਹਵਾਲਾ ਜਗਵੇਦੀ ਨੂੰ ਪਵਿੱਤਰ ਅਸਥਾਨ ਵਿਚ ਰੱਖਦਾ ਹੈ, ਉਸ ਪਰਦੇ ਦੇ ਇਕਦਮ ਸਾਹਮਣੇ ਜੋ ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖਰਾ ਕਰਦਾ ਹੈ।[1] ਡੇਹਰੇ ਦੀ ਉਸਾਰੀ ਦੇ ਸਮੇਂ, ਮੂਸਾ ਨੇ, "ਸੋਨੇ ਦੀ ਜਗਵੇਦੀ ਨੂੰ ਮੰਡਲੀ ਦੇ ਤੰਬੂ ਵਿੱਚ ਪੜਦੇ ਦੇ ਸਾਹਮਣੇ ਰੱਖਿਆ" (40:26)। ਇਹ ਵਿਚਾਰ ਕਿ ਜਗਵੇਦੀ ਪਰਮ ਪਵਿੱਤਰ ਸਥਾਨ ਦੀ ਬਜਾਇ, ਪਵਿੱਤਰ ਸਥਾਨ ਵਿਚ ਸੀ, ਇਸ ਤੱਥ ਦੇ ਅਨੁਰੂਪ ਹੈ ਕਿ ਜਾਜਕ ਹਰ ਰੋਜ਼ ਜਗਵੇਦੀ ਉੱਤੇ ਧੂਪ ਧੁਖਾਉਂਦੇ ਸਨ (30:7, 8) ਪਰ ਪਰਾਸਚਿਤ ਦੇ ਦਿਨ ਸਾਲ ਵਿਚ ਇੱਕ ਵਾਰ ਨੂੰ ਛੱਡ ਕੇ ਉਨ੍ਹਾਂ ਨੂੰ ਅੱਤ ਪਵਿੱਤਰ ਸਥਾਨ ਵਿਚ ਆਉਣ ਦੀ ਮਨਾਹੀ ਸੀ (ਲੇਵੀਆਂ 16:34; ਇਬਰਾਨੀਆਂ 9:7)। ਉਸ ਦਿਨ ਦੇ ਬਾਰੇ, ਇਹ ਹਿਦਾਇਤਾਂ ਮਹਾਂ ਜਾਜਕ ਦੇ ਲਈ ਦਿੱਤੀਆਂ ਗਈਆਂ ਸਨ:

> ਅਤੇ ਉਹ ਜਗਵੇਦੀ ਦੇ ਉੱਤੋਂ ਅੱਗ ਦੇ ਕੋਲਿਆਂ ਨਾਲ ਧੂਪਦਾਨੀ ਨੂੰ ਭਰ ਕੇ ਅਤੇ ਮਹੀਨ ਕੁੱਟੇ ਹੋਏ ਅਸੂਗੰਧ ਨਾਲ ਹੱਥ ਭਰ ਕੇ ਉਸ ਨੂੰ ਪੜਦੇ ਦੇ ਅੰਦਰ ਲੈ ਆਵੇ। ਅਤੇ ਉਹ ਯਹੋਵਾਹ ਦੇ ਅੱਗੇ ਅੱਗ ਦੇ ਉੱਤੇ ਧੂਪ ਪਾਵੇ ਜੋ ਧੂਪ ਦਾ ਬੱਦਲ ਪਰਾਸਚਿਤ ਦੇ ਸਰਪੋਸ਼ ਨੂੰ ਜੋ ਸਾਖੀ ਦੇ ਉੱਤੇ ਹੈ ਕੱਜ ਲਵੇ ਭਈ ਉਹ ਮਰੇ ਨਾ (ਲੇਵੀਆਂ 16:12, 13)।

ਇਸ ਹਵਾਲੇ ਦੇ ਅਨੁਸਾਰ, ਧੂਪ ਪਰਦੇ ਦੇ ਅੰਦਰ ਧੁਖਾਇਆ ਜਾਣਾ ਸੀ (ਅੱਤ ਪਵਿੱਤਰ ਅਸਥਾਨ ਦੇ ਵਿਚ) - ਪਰ ਇੱਕ "ਧੂਪਦਾਨੀ," ਤੇ, ਨਾ ਕਿ ਜਗਵੇਦੀ ਤੇ।[2]

ਇਬਰਾਨੀਆਂ 9:3, 4 ਵਿਚ ਦੱਸਿਆ ਗਿਆ ਹੈ ਕਿ "ਧੂਪ ਧੁਖਾਉਣ ਦੀ ਸੁਨਹਿਰੀ ਜਗਵੇਦੀ" ਅਤੇ "ਨੇਮ ਦਾ ਸੰਦੂਕ" "ਅੱਤ ਪਵਿੱਤਰ ਅਸਥਾਨ" ਵਿਚ "ਦੂਏ ਪਰਦੇ ਦੇ ਅੰਦਰ" ਸੀ। ਕੁੱਝ ਯਹੂਦੀ ਲਿਖਤਾਂ ਵੀ ਧੂਪ ਦੀ ਜਗਵੇਦੀ ਨੂੰ ਅੱਤ ਪਵਿੱਤਰ ਅਸਥਾਨ ਵਿਚ ਦਰਸਾਉਂਦੀਆਂ ਹਨ। ਉਦਾਹਰਣ

ਦੇ ਲਈ, ਕੁੱਝ ਅਪ੍ਰਮਾਣਿਕ ਸਾਹਿਤ (2 ਬਾਰੂਕ 6:7; 2 ਮਕੇਬੀਜ਼ 2:5) ਦਾ ਅਰਥ ਹੈ ਕਿ ਇਹ ਜਗਵੇਦੀ ਅੱਤ ਪਵਿੱਤਰ ਅਸਥਾਨ ਵਿਚ ਸੀ। ਪਰ, ਜੇਕਰ 2 ਬਾਰੂਕ ਵਿਚਲਾ ਹਵਾਲਾ ਇਹ ਸੰਕੇਤ ਦਿੰਦਾ ਹੈ ਕਿ ਧੂਪ ਧੁਖਾਉਣ ਦੀ ਜਗਵੇਦੀ ਅੱਤ ਪਵਿੱਤਰ ਅਸਥਾਨ ਵਿਚ ਸੀ, ਤਾਂ ਇਹ ਇਹ ਵੀ ਦੱਸਦਾ ਹੈ ਕਿ ਅੱਤ ਪਵਿੱਤਰ ਅਸਥਾਨ ਵਿਚ "ਪਰਦਾ, ਪਵਿੱਤਰ ਏਫ਼ੋਦ, ਕਿਰਪਾ ਦਾ ਸਿੰਘਾਸਣ, ਦੋ ਪੱਟੀਆਂ, [ਅਤੇ] ਜਾਜਕਾਂ ਦੇ ਪਵਿੱਤ੍ਰ ਬਸਤਰ ਵੀ ਮੌਜੂਦ ਸਨ।" ਕਿਉਂਕ ਪਰਦਾ, ਏਫ਼ੋਦ, ਅਤੇ ਜਾਜਕਾਈ ਬਸਤਰ ਅੱਤ ਪਵਿੱਤਰ ਅਸਥਾਨ ਵਿਚ ਨਹੀਂ ਮਿਲੇ ਸਨ, ਇਸ ਲਈ ਇਹ ਸੰਭਾਵਨਾ ਨਹੀਂ ਹੈ ਕਿ ਧੂਪ ਦੀ ਜਗਵੇਦੀ ਵੀ ਉੱਥੇ ਮਿਲੀ ਹੋਵੇ। ਇਸ ਤੋਂ ਇਲਾਵਾ, ਕਿਉਂਕਿ ਅਸਲ ਵਿਚ "ਪਰਦਾ" ਅੱਤ ਪਵਿੱਤਰ ਅਸਥਾਨ ਨੂੰ ਪਵਿੱਤਰ ਅਸਥਾਨ ਤੋਂ ਵੱਖਰਾ ਕਰਦਾ ਸੀ, ਇਸ ਲਈ ਸ਼ਾਇਦ 2 ਬਾਰੂਕ ਦੇ ਲੇਖਕ ਦਾ ਮਤਲਬ ਇਹ ਨਹੀਂ ਸੀ ਕਿ ਉਸ ਨੇ ਜਿਨ੍ਹਾਂ ਚੀਜ਼ਾਂ ਦੇ ਵਿਸ਼ੇ ਵਿਚ ਉਲੇਖ ਕੀਤਾ ਸੀ ਕਿ ਉਹ ਅੱਤ ਪਵਿੱਤਰ ਅਸਥਾਨ ਵਿਚ ਪਾਈਆਂ ਗਈਆਂ ਸਨ, ਪਰ ਉਸ ਦਾ ਮਤਲਬ ਸੀ ਕਿ ਉਹ ਉਸ ਦੇ ਨਾਲ ਸੰਬੰਧਤ ਸਨ। ਨਾ ਹੀ 2 ਮਕੇਬੀਜ਼ ਵਿਚਲਾ ਹਵਾਲਾ ਹੀ ਇਹ ਕਹਿ ਰਿਹਾ ਸੀ ਕਿ ਧੂਪ ਧੁਖਾਉਣ ਦੀ ਜਗਵੇਦੀ ਅੱਤ ਪਵਿੱਤਰ ਅਸਥਾਨ ਵਿਚ ਸੀ।

ਪੁਰਾਣੇ ਨੇਮ ਦੇ ਸਬੂਤ ਇਸ ਗੱਲ ਦਾ ਪੱਖ ਪੂਰਦੇ ਹਨ ਕਿ ਧੂਪ ਦੀ ਜਗਵੇਦੀ ਪਰਦੇ ਦੇ ਕੋਲ ਰੱਖੀ ਗਈ ਸੀ ਪਰ ਪਵਿੱਤਰ ਅਸਥਾਨ ਦੇ ਅੰਦਰ। ਇਬਰਾਨੀਆਂ ਦੇ ਹਵਾਲੇ ਨੂੰ ਇਹ ਕਹਿਣ ਦੇ ਲਈ ਸਮਝਿਆ ਜਾ ਸਕਦਾ ਹੈ ਕਿ "ਧੂਪ ਦੀ ਜਗਵੇਦੀ" ਅੱਤ ਪਵਿੱਤਰ ਅਸਥਾਨ ਦੇ ਨਾਲ *ਸੰਬੰਧਤ ਸੀ,* ਜਾਂ ਗੂੜ੍ਹ ਸੰਬੰਧ ਰੱਖਦੀ ਸੀ। ਇਹ ਵਿਚਾਰ ਮੰਨਣਯੋਗ ਹੈ ਕਿਉਂਕਿ ਇਹ "ਅੱਤ ਪਵਿੱਤਰ ਅਸਥਾਨ" ਦੇ ਵਿਸ਼ੇ ਵਿਚ ਬੋਲਦਾ ਹੈ ਖਾਸ ਤੌਰ ਤੇ ਇਹ ਕਹਿੰਦੇ ਹੋਏ ਕਿ ਧੂਪ ਦੀ ਜਗਵੇਦੀ ਤੰਬੂ ਦੇ ਇਸ ਭਾਗ ਦੇ ਵਿਚ ਸੀ।[3]

**ਆਇਤਾਂ 7-9.** ਲਿਖਤ ਦੱਸਦੀ ਹੈ ਕਿ ਜਗਵੇਦੀ ਦਾ ਇਸਤੇਮਾਲ ਕਿਵੇਂ ਕਰਨਾ ਸੀ। ਇੱਕ ਜਾਜਕ ਨੇ ਉਸ ਉੱਤੇ ਹਰ ਸਵੇਰ ਅਤੇ ਹਰ ਸ਼ਾਮ ਨੂੰ, ਉੱਥੇ **ਸੁਗੰਧੀ ਧੂਪ** ਧੁਖਾਉਣੀ ਹੁੰਦੀ ਸੀ। ਹਿਦਾਇਤਾਂ ਵਿਚ ਦੋ ਨਾਕਾਰਾਤਮਕ ਸ਼ਾਮਲ ਹਨ। ਪਹਿਲਾ, ਜਾਜਕਾਂ ਨੇ ਉਸ ਉੱਤੇ **ਓਪਰਾ ਧੂਪ** ਨਹੀਂ ਧੁਖਾਉਣਾ ਸੀ। ਜੌਨ ਆਈ. ਡਰਹਮ ਨੇ ਵਾਕ ਦਾ ਅਨੁਵਾਦ "ਅਪਵਿੱਤਰ ਧੂਪ" ਕੀਤਾ ਅਤੇ ਫਿਰ ਹੇਠ ਲਿਖਿਆ ਨੋਟ ਸ਼ਾਮਲ ਕੀਤਾ: "'ਓਪਰਾ ਧੂਪ,' ਉਦਾਹਰਣ ਦੇ ਤੌਰ ਤੇ, ਉਹ ਧੂਪ ਜੋ ਸਧਾਰਣ ਉਦੇਸ਼ਾਂ ਦੇ ਲਈ ਬਣਾਈ ਅਤੇ ਇਸਤੇਮਾਲ ਕੀਤੀ ਜਾਂਦੀ ਸੀ।"[4] ਹੋਰਨਾਂ ਸੰਸਕਰਣਾਂ ਵਿਚ "ਅਣਅਧਿਕਾਰਤ ਧੂਪ" (NJB; NEB), "ਅਪਵਿੱਤਰ ਧੂਪ" (NRSV), "ਹੋਰ ਕੋਈ ਦੂਜੀ ਧੂਪ" (NIV), ਅਤੇ "ਅਪਵਿੱਤਰ ਧੂਪ" (NAB) ਹੈ। ਉਹ ਸਿਰਫ ਉਹੀ ਧੂਪ ਚੜ੍ਹਾ ਸਕਦੇ ਸਨ ਜੋ ਖਾਸ ਤੌਰ ਤੇ ਉਸੇ ਉਦੇਸ਼ ਦੇ ਲਈ ਬਣਾਈ ਗਈ ਸੀ (30:34-38)। ਦੂਸਰਾ, ਇਸ ਜਗਵੇਦੀ ਨੂੰ **ਹੋਮ** ਦੀ [ਆਂ] **ਬਲੀ** [ਆਂ], **ਮੈਦੇ ਦੀ ਭੇਟ** [ਭੇਟਾਂ], ਜਾਂ **ਪੀਣ ਦੀ ਭੇਟ** [ਭੇਟਾਂ]; ਚੜ੍ਹਾਉਣ ਦੇ ਲਈ ਨਹੀਂ ਵਰਤਿਆ ਜਾ ਸਕਦਾ ਸੀ; ਹੋਮ ਦੀ ਬਲੀ ਦੀ ਜਗਵੇਦੀ ਜੋ ਵਿਹੜੇ ਵਿਚ ਸੀ ਉਹ ਇਨ੍ਹਾਂ ਭੇਟਾਂ ਲਈ ਸੀ।

**ਆਇਤ 10.** ਧੂਪ ਦੀ ਜਗਵੇਦੀ ਦਾ ਇਸਤੇਮਾਲ ਪਰਾਸਚਿਤ ਦੇ ਸਲਾਨਾ ਦਿਨ ਵਿਚ ਕੀਤਾ ਜਾਂਦਾ ਸੀ; ਉਸ ਦਿਨ, ਮਹਾਂ ਜਾਜਕ **ਪਰਾਸਚਿਤ ਦੇ ਪਾਪ ਦੀ ਭੇਟ ਦੇ ਲਹੂ ਤੋਂ ਲੈਕੇ ਵਰਹੇ ਵਿੱਚ ਇੱਕ ਵਾਰ ... ਪਰਾਸਚਿਤ ਕਰੇ** (ਵੇਖੋ ਲੇਵੀਆਂ 23:27)। ਆਪਣੇ ਕੰਮ ਦੇ ਕਾਰਣ, ਇਹ **ਯਹੋਵਾਹ ਲਈ ਅੱਤ ਪਵਿੱਤ੍ਰ** ਹੋਵੇਗਾ।

ਧੂਪ ਦੀ ਸੁਗੰਧ ਨੇ ਪਵਿੱਤਰ ਸਥਾਨ ਨੂੰ ਇੱਕ ਅਨੋਖੀ ਖੁਸ਼ਬੂ ਨਾਲ ਭਰ ਦਿੱਤਾ ਹੋਵੇਗਾ, ਇੱਕ ਮਿੱਠੀ ਖੁਸ਼ਬੂ ਜੋ ਅੱਤ ਪਵਿੱਤਰ ਸਥਾਨ ਵਿਚ ਵੀ ਪ੍ਰਵੇਸ਼ ਕਰ ਗਈ ਹੋਵਗੀ। ਇਸ ਲਈ, ਧੂਪ ਦੀ ਜਗਵੇਦੀ ਦਾ ਪਰਮ ਪਵਿੱਤਰ ਅਸਥਾਨ ਨਾਲ ਗਹਿਰਾ ਸੰਬੰਧ ਸੀ, ਜਿੱਥੇ ਪਰਦੇ ਦੇ ਪਿੱਛੇ

ਪਰਮੇਸ਼ੁਰ ਆਪਣੇ ਲੋਕਾਂ ਨਾਲ ਮਿਲਦਾ ਸੀ (30:6)। ਇਸ ਦੀ ਪਵਿੱਤਰਤਾ ਨੇ ਇਸ ਉੱਤੇ "ਓਪਰੀ ਅੱਗ" ਚੜ੍ਹਾਉਣ ਨਾਲ ਸਮਝੌਤਾ ਨਹੀਂ ਕੀਤਾ (ਲੇਵੀਆਂ 10:1-3)। ਬਲਦੀ ਹੋਈ ਧੂਪ ਦਾ ਧੂੰਆਂ ਦੋਹਰੇ ਪ੍ਰਭਾਵ ਦੇ ਨਾਲ ਇੱਕ ਧੂੰਏਂ ਦਾ ਬੱਦਲ ਪੈਦਾ ਕਰੇਗਾ ਜੋ ਪਰਮੇਸ਼ੁਰ ਦੀ ਹਜ਼ੂਰੀ ਨੂੰ ਦਰਸਾਉਂਦਾ ਸੀ ਅਤੇ ਜਦੋਂ ਮਹਾਂ ਜਾਜਕ ਅੱਤ ਪਵਿੱਤਰ ਅਸਥਾਨ ਵਿਚ ਪ੍ਰਵੇਸ਼ ਕਰਦਾ ਸੀ ਤਾਂ ਉਸ ਨੂੰ ਸੁਰੱਖਿਆ ਪ੍ਰਦਾਨ ਕਰਦਾ ਸੀ (ਲੇਵੀਆਂ 16:13)। ਮਸੀਹੀ ਯੁੱਗ ਦੇ ਸੰਬੰਧ ਵਿਚ, ਇਹ ਅਭਿਆਸ ਸ਼ਾਇਦ ਸਭ ਤੋਂ ਵਧੀਆ ਪ੍ਰਾਰਥਨਾ ਨੂੰ ਦਰਸਾਉਂਦਾ ਹੈ। ਪਰਕਾਸ਼ ਦੀ ਪੋਥੀ 8:3, 4 ਵਿਚ ਧੂਪ, "ਸੰਤਾਂ ਦੀਆਂ ਪ੍ਰਾਰਥਨਾਵਾਂ" ਨਾਲ ਸੰਬੰਧਤ ਹੈ।

## ਨਸਤਾਰੇ ਦਾ ਮੁੱਲ (30:11-16)

**11ਯਹੋਵਾਹ ਮੂਸਾ ਨੂੰ ਬੋਲਿਆ ਕਿ। 12ਜਦ ਤੂੰ ਇਸਰਾਏਲੀਆਂ ਦੀ ਗਿਣਤੀ ਉਨ੍ਹਾਂ ਦੇ ਸ਼ੁਮਾਰ ਅਨੁਸਾਰ ਕਰੇਂ ਤਾਂ ਹਰ ਮਨੁੱਖ ਆਪਣੇ ਪਰਾਣਾਂ ਲਈ ਯਹੋਵਾਹ ਨੂੰ ਜਦ ਉਨ੍ਹਾਂ ਦੀ ਗਿਣਤੀ ਹੋਵੇ ਨਸਤਾਰੇ ਦਾ ਮੁੱਲ ਦੇਵੇ ਤਾਂ ਜੋ ਉਨ੍ਹਾਂ ਵਿੱਚ ਕੋਈ ਬਵਾ ਨਾ ਪਵੇ ਜਦ ਤੂੰ ਉਨ੍ਹਾਂ ਦੀ ਗਿਣਤੀ ਕਰੇਂ।**
**13ਸਾਰੇ ਜਿਹੜੇ ਗਿਣਿਆਂ ਹੋਇਆਂ ਵਿੱਚ ਰਲਣ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਅੱਧਾ ਸ਼ਕਲ ਦੇਣ (ਸ਼ਕਲ ਵਿੱਚ ਵੀਹ ਜੀਰੇ ਹਨ) ਸੋ ਏਹ ਅੱਠ ਆਨੇ ਯਹੋਵਾਹ ਲਈ ਚੁੱਕਣ ਦੀ ਭੇਟ ਹੋਵੇਗੀ।**
**14ਸਾਰੇ ਜਿਹੜੇ ਗਿਣਿਆਂ ਹੋਇਆਂ ਵਿੱਚ ਰਲਣ ਵੀਹ ਵਰਹੇ ਦੇ ਅਰ ਉੱਤੇ ਦੇ ਹੋਣ ਯਹੋਵਾਹ ਨੂੰ ਚੁੱਕਣ ਦੀ ਭੇਟ ਦੇਣ। 15ਤਾਂ ਧਨੀ ਅੱਠ ਆਨੇ ਤੋਂ ਵੱਧ ਅਤੇ ਕੰਗਾਲ ਉਸ ਤੋਂ ਘੱਟ ਨਾ ਦੇਣ ਜਦ ਤੁਹਾਡੇ ਪਰਾਣਾਂ ਦੇ ਪਰਾਸਚਿਤ ਲਈ ਯਹੋਵਾਹ ਦੀ ਚੁੱਕਣ ਦੀ ਭੇਟ ਦੇਣ। 16ਸੋ ਤੂੰ ਇਸਰਾਏਲੀਆਂ ਤੋਂ ਪਰਾਸਚਿਤ ਦੀ ਚਾਂਦੀ ਲੈਕੇ ਉਹ ਨੂੰ ਮੰਡਲੀ ਦੇ ਤੰਬੂ ਦੇ ਕੰਮ ਲਈ ਵਰਤੀਂ ਅਤੇ ਉਹ ਇਸਰਾਏਲੀਆਂ ਲਈ ਯਹੋਵਾਹ ਅੱਗੇ ਇੱਕ ਯਾਦਗੀਰੀ ਹੋਵੇ ਤਾਂ ਜੋ ਤੁਹਾਡਿਆਂ ਪਰਾਣਾਂ ਲਈ ਪਰਾਸਚਿਤ ਹੋਵੇ।**

ਆਇਤਾਂ 11 ਤੋਂ 16 ਚੰਦਾ ਲੈਣ ਦੇ ਪੰਜ ਕਾਰਣ ਦਿੰਦੀਆਂ ਹਨ। (1) ਇਹ ਹਰ ਇੱਕ ਮਨੁੱਖ ਦੇ ਦੁਆਰਾ ਆਪਣੇ ਆਪ ਦੇ ਇੱਕ "ਨਿਸਤਾਰੇ" (כֹּפֶר, *ਕੋਪਰ)* ਦੇ ਲਈ ਦਿੱਤਾ ਗਿਆ ਸੀ (30:12)। ਡਰਹਮ ਨੇ "ਪਰਾਸਚਿਤ ਦਾ ਪੈਸਾ" ਸ਼ਬਦ ਅਨੁਵਾਦ ਕੀਤਾ ਅਤੇ ਫਿਰ ਇਸ ਨੋਟ ਨੂੰ ਜੋੜਿਆ: "ਜੀਵਨ ਦੀ ਕੀਮਤ, ਨਸਤਾਰਾ, ਪਰਾਸਚਿਤ ਦਾ ਭੁਗਤਾਨ।"[5] ਵਾਲਟਰ ਸੀ. ਕੇਸਰ, ਜੂਨੀਅਰ, ਨੇ ਕਿਹਾ ਕਿ "ਨਸਤਾਰੇ" ਦੇ ਲਈ ਸ਼ਬਦ ਦਾ ਅਰਥ ਹੈ "ਇੱਕ ਵਿਕਲਪ ਦੁਆਰਾ ਛੁਟਕਾਰਾ ਜਾਂ ਮੁਕਤੀ।"[6] (2) ਇਹ ਦਿੱਤਾ ਗਿਆ ਸੀ ਤਾਂ ਕਿ ਜਦੋਂ ਇਸਰਾਏਲੀਆਂ ਦੀ ਜਣਗਣਨਾ ਕੀਤੀ ਜਾਵੇ ਤਾਂ ਇਸਰਾਏਲੀਆਂ ਦੇ ਵਿਚਕਾਰ "ਕੋਈ ਬਵਾ ਨਾ ਪਵੇ" (30:12)। (3) ਇਹ ਇਸਰਾਏਲੀਆਂ ਨੇ ਖੁਦ ਦੇ ਲਈ "ਪਰਾਸਚਿਤ ਕਰਨ" ਦੇ ਲਈ ਦਿੱਤਾ ਗਿਆ ਸੀ ਅਤੇ ਇਸ ਲਈ ਇਸ ਨੂੰ "ਪਰਾਸਚਿਤ ਦੀ ਚਾਂਦੀ" ਕਿਹਾ ਗਿਆ ਸੀ (30:15, 16)। (4) ਇਹ "ਮੰਡਲੀ ਦੇ ਤੰਬੂ ਦੇ ਕੰਮ ਲਈ" ਦਿੱਤਾ ਗਿਆ ਸੀ (30:16)। (5) ਇਹ ਯਹੋਵਾਹ ਦੇ ਸਾਹਮਣੇ ਇਸਰਾਏਲ ਦੇ ਪੁੱਤਰਾਂ ਦੇ ਲਈ ਇੱਕ ਯਾਦਗਾਰ ਲਈ" ਹੋਵੇਗਾ (30:16)।

ਇਨ੍ਹਾਂ ਵਿਚਾਰਾਂ ਨੂੰ ਜ਼ਰੂਰੀ ਦਾਨ ਦੇ ਦੋ ਕਾਰਣਾਂ ਅਤੇ ਦੋ ਸੰਭਵ ਸਿੱਟਿਆਂ ਦੇ ਰੂਪ ਵਿਚ ਸੰਖੇਪ ਵਿਚ ਵਰਣਨ ਕੀਤਾ ਜਾ ਸਕਦਾ ਹੈ। ਇਸਰਾਏਲੀਆਂ ਨੇ ਆਪਣੇ ਪਾਪਾਂ ਦੇ ਲਈ "ਪਰਾਸਚਿਤ ਕਰਨਾ" ਸੀ, ਜਾਂ ਆਪਣੇ ਆਪ ਦੇ ਲਈ ਅੱਧਾ ਸ਼ਕਲ ਦੇ ਕੇ "ਨਸਤਾਰਾ" ਦੇਣਾ ਸੀ। ਇਸ ਤੋਂ ਇਲਾਵਾ, ਇਹ ਦਾਨ "ਮੰਡਲੀ ਦੇ ਤੰਬੂ ਦੀ ਸੇਵਾ" ਵਿਚ ਮਦਦ ਕਰਨ ਲਈ ਸੀ। ਜੇਕਰ ਉਹ ਨਹੀਂ ਦੇਣਗੇ, ਤਾਂ ਉਨ੍ਹਾਂ ਨੂੰ ਬਵਾ ਨਾਲ ਮਾਰਿਆ ਜਾਵੇਗਾ ਕਿਉਂਕਿ ਉਹ ਅਣਆਗਿਆਕਾਰੀ ਸਨ ਅਤੇ

ਉਨ੍ਹਾਂ ਨੇ ਆਪਣੇ ਪਾਪਾਂ ਦੇ ਲਈ ਪਰਾਸਚਿਤ ਨਹੀਂ ਕੀਤਾ ਸੀ। ਜੇਕਰ ਉਨ੍ਹਾਂ ਨੇ ਉਹ ਦਿੱਤਾ ਜੋ ਠਹਿਰਾਇਆ ਗਿਆ ਸੀ ਤਾਂ ਉਨ੍ਹਾਂ ਨੂੰ ਯਾਦ ਕੀਤਾ ਜਾਵੇਗਾ ਅਤੇ ਪ੍ਰਭੂ ਦੇ ਦੁਆਰਾ ਬਰਕਤ ਦਿੱਤੀ ਜਾਵੇਗੀ।

**ਆਇਤਾਂ 11, 12.** ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਜ਼ੋਰ 30:11-16 ਵਿਚ ਫਿਰ ਤੰਬੂ ਦੇ ਲਈ ਕੀ ਬਣਾਇਆ ਜਾਵੇ ਤੋਂ ਤੰਬੂ ਦੀ ਸੇਵਾ ਲਈ ਚੰਦਾ ਕਿਵੇਂ ਲਿਆ ਜਾਵੇ ਵਿਚ ਬਦਲ ਜਾਂਦਾ ਹੈ।

**ਯਹੋਵਾਹ** ਨੇ **ਮੂਸਾ** ਨੂੰ ਕਿਹਾ ਕਿ **ਨਸਤਾਰਾ** ਜਾਂ ਕਰ ਜੋ ਤੰਬੂ ਦੇ ਲਈ ਲਿਆ ਜਾਵੇਗਾ, ਜਿਸ ਦੀ ਗਿਣਤੀ ਇੱਕ **ਸ਼ੁਮਾਰ** ਦੇ ਅਨੁਸਾਰ ਕੀਤੀ ਜਾ ਸਕਦੀ ਹੈ। ਇਸਰਾਏਲ ਨੇ ਉਹ ਜਨਗਣਨਾ ਕਦੋਂ ਕੀਤੀ ਸੀ ਜਿਸ ਦੇ ਦਾਨ ਦਾ ਉਲੇਖ 38:26 ਵਿਚ ਕੀਤਾ ਗਿਆ ਹੈ? ਗਿਣਤੀ 1:45, 46: 603, 550 ਆਦਮੀਆਂ ਵਿਚ ਵਰਤੀ ਗਈ ਮਰਦਮਸ਼ੁਮਾਰੀ ਵਿਚ ਜਿਨ੍ਹਾਂ ਵਿਅਕਤੀਆਂ ਦੀ ਸੰਖਿਆ 20 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਮਰਦਾਂ ਦੀ ਗਿਣਤੀ ਨਾਲ ਤਰ੍ਹਾਂ ਨਾਲ ਮਿਲਦੀ ਸੀ। ਪਰ, ਗਿਣਤੀ 1:1 ਵਿਚ ਦੱਸਿਆ ਗਿਆ ਹੈ ਕਿ ਪਰਮੇਸ਼ੁਰ ਨੇ ਮਰਦਮਸ਼ੁਮਾਰੀ ਕਰਨ ਦਾ ਹੁਕਮ "ਮਿਸਰ ਦੇਸ ਤੋਂ ਨਿੱਕਲਣ ਦੇ ਪਿੱਛੋਂ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ ਸੀਨਈ ਦੀ ਉਜਾੜ ਵਿੱਚ" ਦਿੱਤਾ ਸੀ। ਇਹ ਉਹ ਸਮਾਂ ਸੀ ਜਦੋਂ ਡੇਹਰਾ ਸੰਪੂਰਣ ਹੋ ਗਿਆ ਅਤੇ ਖੜਾ ਹੋ ਗਿਆ ਸੀ, "ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ ਉਹ ਡੇਹਰਾ ਖੜਾ ਕੀਤਾ ਗਿਆ" (40:17)। ਮਰਦਮਸ਼ੁਮਾਰੀ ਦੇ ਸਿੱਟੇ ਵਜੋਂ ਪ੍ਰਾਪਤ ਕੀਤੀ ਗਈ ਚਾਂਦੀ ਨੂੰ ਡੇਹਰੇ ਦੀ ਉਸਾਰੀ ਦੇ ਲਈ ਕਿਵੇਂ ਵਰਤਿਆ ਜਾ ਸਕਦਾ ਹੈ ਜੇਕਰ ਡੇਹਰੇ ਦੇ ਉਸਾਰੇ ਜਾਣ ਤੱਕ ਮਰਦਮਸ਼ੁਮਾਰੀ ਕੀਤੀ ਹੀ ਨਹੀਂ ਗਈ ਸੀ?

ਸਭ ਤੋਂ ਵਧੀਆ ਉੱਤਰ ਇਹ ਹੈ ਕਿ ਗਿਣਤੀ 1 ਅਧਿਆਇ ਵਿਚ ਉਲੇਖ ਕੀਤੀ ਗਈ ਮਰਦਮਸ਼ੁਮਾਰੀ ਤੋਂ ਪਹਿਲਾਂ ਇੱਕ ਮਰਦਮਸ਼ੁਮਾਰੀ ਕੀਤੀ ਗਈ ਸੀ। ਇਹ ਬਾਅਦ ਦੀ ਜਨਗਣਨਾ ਇੱਕ ਵੱਖਰੇ ਉਦੇਸ਼ ਦੇ ਲਈ ਕੀਤੀ ਗਈ ਸੀ: ਇਹ ਪਤਾ ਲਗਾਉਣ ਲਈ ਕਿ ਇਸਰਾਏਲ ਦੀ ਫ਼ੌਜ ਵਿਚ ਲੜਣ ਵਾਲੇ ਕਿੰਨੇ ਆਦਮੀ ਉਪਲੱਬਧ ਹਨ (ਗਿਣਤੀ 1:2, 3)। ਜੇਕਰ ਉੱਥੇ ਦੋ ਸੰਖਿਆਵਾਂ ਹੁੰਦੀਆਂ, ਤਾਂ ਇਹ ਤੱਥ ਕਿ ਉਨ੍ਹਾਂ ਦੀ ਗਿਣਤੀ ਇਕੋ ਸੀ ਹੈਰਾਨ ਕਰਨ ਵਾਲਾ ਨਹੀਂ ਹੋਣਾ ਸੀ।

**ਆਇਤਾਂ 13, 14.** ਹਾਲਾਂਕਿ 30:11-16 ਵਿਚ ਪਰਮੇਸ਼ੁਰ ਦੁਆਰਾ ਲੋੜੀਂਦਾ ਢੰਗ ਇੱਕ ਕਰ ਲੈਣਾ ਹੈ, ਇਸ ਨੂੰ **ਯਹੋਵਾਹ ਲਈ ਚੁੱਕਣ ਦੀ** ਭੇਟ ਵੀ ਕਿਹਾ ਜਾਂਦਾ ਹੈ। ਇਹ ਟੈਕਸ, ਹਰ ਬਾਲਗ ਪੁਰਖ ਤੇ **ਜੋ ਵੀਹ ਵਰਹੇ ਦਾ ਅਰ ਉਹ ਦੇ ਉੱਤੇ ਦਾ ਹੋਵੇ** ਲਗਾਇਆ ਗਿਆ ਸੀ, ਇਹ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਅੱਧਾ ਸ਼ਕਲ ਮੰਨਿਆ ਜਾਂਦਾ ਸੀ। ਇੱਕ ਸ਼ਕਲ ਵਜ਼ਨ ਦਾ ਇੱਕ ਮਾਪ ਸੀ। "ਅੱਧਾ ਸ਼ਕਲ" ਇੱਕ ਕੀਮਤੀ ਧਾਤੂ, ਸ਼ਾਇਦ ਚਾਂਦੀ ਦਾ ਵਜ਼ਨ ਹੋਵੇਗਾ। ਓਵਿਡ ਆਰ. ਸੇਲਰ ਨੇ ਅੱਧੇ ਸ਼ਕਲ ਦੀ ਬਰਾਬਰੀ 5.7 ਗ੍ਰਾਮਾਂ, ਜਾਂ ਇੱਕ ਔਂਸ ਦੇ 0.2 ਦੇ ਨਾਲ ਕੀਤੀ।[7] "ਪਵਿੱਤ੍ਰ ਅਸਥਾਨ ਦੇ ਸ਼ਕਲ" ਦਾ ਅਰਥ ਅਸਪੱਸ਼ਟ ਹੈ; ਵਾਕ ਦਾ ਅਰਥ ਹੈ ਕਿ ਪਵਿੱਤ੍ਰ ਅਸਥਾਨ ਕੰਮ ਲਈ ਵਰਤਿਆ ਜਾਣ ਵਾਲਾ ਸ਼ਕਲ ਹੋਰਨਾਂ ਸਥਿਤੀਆਂ ਵਿਚ ਇਸਤੇਮਾਲ ਕੀਤੇ ਜਾਣ ਵਾਲੇ ਸ਼ਕਲ ਤੋਂ ਭਿੰਨ ਸੀ। (ਇਹ ਭਾਵ 30:24; 38:25, 26 ਵਿਚ ਵੀ ਇਸਤੇਮਾਲ ਕੀਤਾ ਗਿਆ ਹੈ।)

**ਆਇਤ 15.** ਇਹ ਹਵਾਲਾ ਪ੍ਰਭੂ ਦੇ ਸਾਹਮਣੇ ਸਭਨਾਂ ਦੀ ਬਰਾਬਰੀ ਅਤੇ ਜ਼ਰੂਰੀ ਨਿਰਪੱਖਤਾ ਤੇ ਜ਼ੋਰ ਦਿੰਦਾ ਹੈ: **ਧਨੀ ਅੱਠ ਆਨੇ ਤੋਂ ਵੱਧ ਅਤੇ ਕੰਗਾਲ ਉਸ ਤੋਂ ਘੱਟ ਨਾ ਦੇਣ**।[8] ਜੇਕਰ ਕੋਈ ਇਤਰਾਜ਼ ਕਰੇ ਕਿ ਧਨੀ ਅਤੇ ਕੰਗਾਲ ਦੇ ਲਈ ਸਮਾਨ ਭੁਗਤਾਨ ਕਰਨਾ ਯੋਗ ਨਹੀਂ ਹੈ, ਕਿਉਂਕਿ ਅਮੀਰ ਇਸ ਨੂੰ ਅਸਾਨੀ ਦੇ ਨਾਲ ਦੇ ਸਕਦਾ ਹੈ, ਤਾਂ ਉੱਤਰ ਇਹ ਹੋਵੇਗਾ ਕਿ ਲੋੜੀਂਦੀ ਰਾਸ਼ੀ ਇੰਨੀ ਛੋਟੀ ਸੀ ਕਿ ਕੰਗਾਲ ਵੀ ਦੇ ਸਕਦਾ ਸੀ।

**ਆਇਤ 16.** ਇਹ ਕਰ **ਇਸਰਾਏਲੀਆਂ** ਦੇ ਦੁਆਰਾ **ਪਰਾਸਚਿਤ** ਦੇ ਲਈ ਦਿੱਤਾ ਜਾਣਾ ਸੀ।[9]

**ਪਰਾਸਚਿਤ ਹੋਵੇ** (כִּפֶּר, *ਕਿਪਰ)* ਪਾਪਾਂ ਨੂੰ "ਢੱਕਣ" ਦੇ ਵਿਚਾਰ ਨੂੰ ਪੇਸ਼ ਕਰਦਾ ਹੈ। ਪਰ, ਇਸ ਤੱਥ ਦੀ ਰੌਸ਼ਨੀ ਵਿਚ ਕਿ ਹੋਮ ਬਲੀ ਦੀ ਜਗਵੇਦੀ ਦੇ ਲਈ ਪਰਾਸਚਿਤ ਕੀਤਾ ਗਿਆ ਸੀ (29:36), ਇਸ ਸ਼ਬਦ ਦਾ ਵਿਆਪਕ ਅਰਥ ਹੋ ਸਕਦਾ ਹੈ। ਇਸ ਦਾ ਅਰਥ "ਸ਼ੁਧ ਕਰਨਾ" ਜਾਂ "ਸਮਰਪਿਤ ਕਰਨਾ" ਵੀ ਹੋ ਸਕਦਾ ਹੈ। ਇਸ ਪ੍ਰਸੰਗ ਵਿਚ ਇਹ ਪਰਿਭਾਸ਼ਾ ਢੁੱਕਦੀ ਹੈ। ਜਿਵੇਂ ਜਾਜਕਾਂ ਨੂੰ ਪ੍ਰਭੂ ਦੀ ਸੇਵਾ ਦੇ ਲਈ ਸਮਰਪਿਤ ਹੋਣਾ ਸੀ (ਅਧਿਆਇ 29), ਅਤੇ ਜਿਵੇਂ ਜਗਵੇਦੀ ਨੂੰ ਪਰਮੇਸ਼ੁਰ ਦੇ ਲਈ ਸਮਰਪਿਤ ਕੀਤਾ ਜਾਂਦਾ ਸੀ, ਇਸੇ ਤਰ੍ਹਾਂ ਸਾਰੇ ਬਾਲਗ ਪੁਰਖਾਂ ਦੀ ਜਨਸੰਖਿਆ ਨੂੰ ਰਸਮੀ ਤੌਰ ਤੇ ਪ੍ਰਭੂ ਦੇ ਲਈ ਪਵਿੱਤਰ ਅਤੇ ਸਮਰਪਿਤ ਕੀਤਾ ਜਾਣਾ ਸੀ।

ਆਇਤ 16 ਇਹ ਵੀ ਕਹਿੰਦੀ ਹੈ ਕਿ ਕਰ ਨੂੰ ਤੰਬੂ ਦੇ **ਕੰਮ ਲਈ** ਵਰਤਿਆ ਜਾਵੇ। ਇਹ ਦਾਨ ਤੰਬੂ ਦੇ ਨਿਰਮਾਣ ਜਾਂ ਇਸ ਦੇ ਨਿਰੰਤਰ ਰੱਖ-ਰਖਾਓ ਦੇ ਲਈ ਸੀ? ਆਇਤ 16 ਦੇ ਵਾਕ ਇੰਝ ਜਾਪਦੇ ਹਨ ਜਿਵੇਂ ਕਰ ਸ਼ਾਇਦ ਨਿਰੰਤਰ (ਸ਼ਾਇਦ ਸਲਾਨਾ) ਜਾਣਾ ਚਾਹੀਦਾ ਹੈ ਤਾਂ ਕਿ ਡੇਹਰੇ ਦੀਆਂ ਸੇਵਾਵਾਂ ਵਿਚ ਹਿੱਸਾ ਪਾਇਆ ਜਾ ਸਕੇ। ਉਦਾਹਰਣ ਦੇ ਲਈ, ਹਰ ਸਾਲ ਸੱਤ ਸੌ ਤੋਂ ਵੱਧ ਬਲੀਦਾਨ ਦੇ ਮੇਮਣਿਆਂ ਦੇ ਲਈ ਕਿਸੇ ਵੀ ਤਰ੍ਹਾਂ ਪੈਸਾ ਇਕੱਠਾ ਕੀਤਾ ਜਾਣਾ ਸੀ (29:38, 39)। ਅਸਲ ਵਿਚ, ਇਹ ਸਬੂਤ ਹੈ ਕਿ ਅਜਿਹੇ ਕਰ ਰਸਮੀ ਬਣ ਜਾਂਦੇ ਸਨ। ਆਰ. ਐਲਨ ਕੋਲ ਨੇ ਲਿਖਿਆ, "ਬਾਅਦ ਵਿਚ, 'ਅੱਧਾ ਸ਼ਕਲ' ਹੈਕਲ ਦਾ ਇੱਕ ਸਲਾਨਾ ਕਰ ਬਣ ਗਿਆ ਸੀ (ਮੱਤੀ 17:24)। ਕੂਚ ਦੇ ਸਮੇਂ ਤੋਂ ਬਾਅਦ ਦੇ ਇਸ ਦੇ ਸੰਗ੍ਰਹਿ ਦੇ ਰੂਪ ਵਿਚ ਵੇਖੋ ਨਹਮਯਾਹ 10:32."[10] ਪਰ, ਅਧਿਆਇ 38 ਵਿਚ ਇਸ ਲੋੜ ਨੂੰ ਪੂਰਾ ਕਰਨ ਦਾ ਅਰਥ ਹੈ ਕਿ ਇਸ ਚੰਦੇ ਤੋਂ ਇਕੱਠੀ ਕੀਤੀ ਗਈ ਰਕਮ ਨੂੰ ਡੇਹਰਾ ਬਣਾਉਣ ਦੇ ਲਈ ਵਰਤਿਆ ਗਿਆ ਸੀ। ਇਸ ਲਈ, ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਲਗਾਇਆ ਗਿਆ ਕਰ ਉਸ ਉਦੇਸ਼ ਦੇ ਲਈ ਇੱਕ ਵਾਰ ਦਾ ਯੋਗਦਾਨ ਸੀ।[11] ਸ਼ਾਇਦ ਸਮੱਸਿਆ ਦਾ ਸਭ ਤੋਂ ਵਧੀਆ ਹੱਲ ਇਹ ਹੈ ਕਿ, 30:16 ਦਾ ਅਰਥ ਹੈ, ਕਿ ਕਰ ਨਿਯਮਿਤ ਤੌਰ ਤੇ ਲਿਆ ਜਾਣਾ ਸੀ, ਪਰ ਪਹਿਲੀ ਜਮ੍ਹਾਂ ਰਾਸ਼ੀ ਨੂੰ ਡੇਹਰੇ ਨੂੰ ਬਣਾਉਣ ਦੇ ਲਈ ਇਸਤੇਮਾਲ ਕੀਤਾ ਜਾਣਾ ਸੀ। ਆਖਿਰਕਾਰ, ਜਦੋਂ ਤੱਕ ਕੋਈ ਡੇਹਰਾ ਨਹੀਂ ਸੀ ਉਸ ਸਮੇਂ ਤੱਕ ਡੇਹਰੇ ਦੀਆਂ ਸੇਵਾਵਾਂ ਦੇ ਲਈ ਵਿਤ ਦੇਣ ਦੀ ਲੋੜ ਨਹੀਂ ਸੀ।

## ਪਿੱਤਲ ਦਾ ਹੌਦ (30:17-21)

**17ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ। 18ਤੂੰ ਧੋਣ ਲਈ ਪਿੱਤਲ ਦਾ ਇੱਕ ਹੌਦ ਅਤੇ ਉਹ ਦੇ ਲਈ ਪਿੱਤਲ ਦੀ ਇੱਕ ਚੌਂਕੀ ਬਣਾਈਂ ਅਤੇ ਮੰਡਲੀ ਦੇ ਤੰਬੂ ਅਤੇ ਜਗਵੇਦੀ ਦੇ ਵਿਚਕਾਰ ਉਹ ਨੂੰ ਰੱਖੀਂ ਅਤੇ ਉਸ ਵਿੱਚ ਪਾਣੀ ਭਰੀਂ। 19ਉਸ ਵਿੱਚ ਹਾਰੂਨ ਤੇ ਉਸ ਦੇ ਪੁੱਤ੍ਰ ਆਪਣੇ ਹੱਥ ਪੈਰ ਧੋਣ। 20ਜਦ ਓਹ ਮੰਡਲੀ ਦੇ ਤੰਬੂ ਵਿੱਚ ਅਥਵਾ ਜਦ ਓਹ ਜਗਵੇਦੀ ਦੇ ਨੇੜੇ ਉਪਾਸਨਾ ਲਈ ਆਉਣ ਕਿ ਯਹੋਵਾਹ ਲਈ ਅੱਗ ਦੇ ਭੇਟ ਧੁਖਾਉਣ ਤਾਂ ਓਹ ਪਾਣੀ ਨਾਲ ਧੋਣ ਭਈ ਓਹ ਨਾ ਮਰਨ। 21ਓਹ ਆਪਣੇ ਹੱਥ ਪੈਰ ਧੋਣ ਕਿ ਓਹ ਨਾ ਮਰਨ ਅਤੇ ਉਹ ਉਨ੍ਹਾਂ ਲਈ ਸਦਾ ਦੀ ਬਿਧੀ ਹੋਵੇ ਅਰਥਾਤ ਉਸ ਲਈ ਅਤੇ ਉਸ ਦੀ ਅੰਸ ਲਈ ਉਨ੍ਹਾਂ ਦੀ ਪੀੜ੍ਹੀਓਂ ਪੀੜ੍ਹੀ ਤੀਕ।**

**ਆਇਤਾਂ 17, 18.** ਧੂਪ ਦੀ ਜਗਵੇਦੀ ਬਣਾਉਣ ਦੀਆਂ ਹਿਦਾਇਤਾਂ ਦੇ ਵਾਂਗ (30:1-10), **ਹੌਦ** ਬਣਾਉਣ ਦੀਆਂ ਹਿਦਾਇਤਾਂ ਵੀ ਸਥਾਨ ਤੋਂ ਬਾਹਰ ਜਾਪਦੀਆਂ ਹਨ। ਹੌਦ ਡੇਹਰੇ ਦੇ ਵਿਹੜੇ ਵਿਚ ਖੜਾ ਸੀ; ਵਿਹੜੇ ਦੀ ਹੋਰ ਵਸਤੂ ਹੋਮ ਬਲੀ ਦੀ ਜਗਵੇਦੀ, ਦਾ ਵਰਣਨ ਅਧਿਆਇ 27 ਵਿਚ, ਡੇਹਰੇ ਦੇ ਹਾਤੇ ਦੇ ਨਾਲ ਕੀਤਾ ਗਿਆ ਹੈ। ਇਸ ਦੇ ਲਈ ਇੱਕ ਸੰਭਵ ਵਿਆਖਿਆ ਇਹ ਹੈ ਕਿ ਧੂਪ ਦੀ ਜਗਵੇਦੀ ਤੇ ਹੌਦ ਦੋਵਾਂ ਦੇ ਵਿਸ਼ੇ ਵਿਚ ਹਿਦਾਇਤਾਂ ਜਾਜਕਾਂ ਦੇ ਬਸਤਰਾਂ ਅਤੇ ਪਵਿੱਤਰ

ਕੀਤੇ ਜਾਣ ਸੰਬੰਧੀ (ਅਧਿਆਇ 28; 29) ਖੰਡ ਦੇ ਬਾਅਦ ਤੱਕ ਰੋਕ ਦਿੱਤੀਆਂ ਗਈਆਂ ਸਨ। ਧੂਪ ਦੀ ਜਗਵੇਦੀ ਅਤੇ ਹੌਦ ਜਾਜਕਾਂ ਦੇ ਕੰਮਾਂ ਨਾਲ ਬਹੁਤ ਜੁੜੇ ਹੋਏ ਸਨ। ਜਾਜਕਾਂ ਦੀ ਭੂਮਿਕਾ ਨੇ ਹੌਦ ਅਤੇ ਜਗਵੇਦੀ ਦੋਵਾਂ ਤੇ ਜ਼ੋਰ ਦਿੱਤਾ ਹੈ (30:7, 8, 19-21)।

**ਹੌਦ** ਪਿੱਤਲ ਦਾ ਬਣਿਆ ਹੋਇਆ ਸੀ, ਜਿਵੇਂ ਹੋਮ ਬਲੀ ਦੀ ਜਗਵੇਦੀ ਨੂੰ ਪਿੱਤਲ ਨਾਲ ਮੜ੍ਹਿਆ ਗਿਆ ਸੀ। ਇਸ ਨੂੰ ... ਹੋਮ ਬਲੀ ਦੀ **ਜਗਵੇਦੀ ਦੇ ਵਿਚਕਾਰ** ਅਤੇ ਤੰਬੂ ਦੇ ਦਰਵਾਜ਼ੇ ਦੇ ਵਿਚ ਰੱਖਿਆ ਗਿਆ ਸੀ। ਇਸ ਦਾ ਅਕਾਰ ਨਹੀਂ ਦਿੱਤਾ ਗਿਆ ਹੈ।

**ਆਇਤਾਂ 19-21.** ਹੌਦ ਨੂੰ ਪਾਣੀ ਨਾਲ ਭਰਿਆ ਅਤੇ ਰਸਮੀ ਤੌਰ ਧੌਣ ਦੇ ਲਈ ਵਰਤਿਆ ਜਾਂਦਾ ਸੀ (ਵੇਖੋ 29:4)। ਹਰ ਵਾਰ ਜਦੋਂ ਜਾਜਕ ਤੰਬੂ ਵਿਚ **ਆਉਣ** [ਆਉਂਦਾ] ਜਾਂ **ਜਗਵੇਦੀ** ਤੇ ਅੱਗ ਦੀ ਭੇਟ ਚੜ੍ਹਾਉਂਦਾ ਸੀ, ਤਾਂ ਉਸ ਨੂੰ ਆਪਣੇ **ਹੱਥ ਪੈਰ ਧੋਣ** [ਧੋਣੇ] ਪੈਂਦੇ ਸਨ। ਸਿਰਫ ਜਦੋਂ ਉਹ ਇਸ ਤਰੀਕੇ ਦੇ ਨਾਲ ਸਾਫ਼ ਹੋਇਆ ਹੁੰਦਾ ਸੀ ਤਾਂ ਉਸ ਦੇ ਲਈ ਪਵਿੱਤਰ ਅਸਥਾਨ ਵਿਚ ਪ੍ਰਵੇਸ਼ ਕਰਨਾ ਸੁਰੱਖਿਅਤ ਹੋਵੇ। ਧੋਣ ਦੁਆਰਾ ਸ਼ੁੱਧ ਹੋਣ ਦੇ ਕੰਮ ਨੂੰ ਕਰਨ ਤੋਂ ਬਿਨਾਂ, ਉਸ ਨੂੰ ਪਰਮੇਸ਼ੁਰ ਦੇ ਰਾਹੀਂ ਮਾਰ ਦਿੱਤਾ ਜਾਵੇਗਾ। ਇੱਥੇ ਮੌਤ ਦੀ ਸਜ਼ਾ ਚਰਮ ਲੱਗ ਸਕਦੀ ਹੈ, ਪਰ ਇਸ ਦੇ ਰਾਹੀਂ ਪਰਮੇਸ਼ੁਰ ਦੀ ਅਤੇ ਡੇਹਰੇ ਦੀ ਪਵਿੱਤਰਤਾ ਤੇ ਜ਼ੋਰ ਦਿੱਤਾ ਗਿਆ ਹੈ, ਜੋ ਅਸਲ ਵਿਚ, ਪਰਮੇਸ਼ੁਰ ਦਾ ਘਰ ਸੀ। ਇਸ ਨੇ ਪੂਰਣ ਆਗਿਆਕਾਰੀ ਤੇ ਵੀ ਜ਼ੋਰ ਦਿੱਤਾ ਹੈ। ਧੋਣ ਦੀ ਮਹੱਤਤਾ ਤੇ ਇਸ ਤੱਥ ਦੁਆਰਾ ਜ਼ੋਰ ਦਿੱਤਾ ਗਿਆ ਹੈ ਕਿ ਇਹ ਹੁਕਮ ਜਾਜਕਾਂ ਦੇ ਲਈ **ਸਦਾ ਦੀ ਬਿਧੀ ਹੋਵੇ।**

ਹੌਦ ਵਿਚ ਧੋਤੇ ਜਾਣ ਦੀ ਤੁਲਨਾ ਮਸੀਹੀ ਯੁੱਗ ਵਿਚ ਬਪਤਿਸਮੇ ਦੇ ਨਾਲ ਕੀਤੀ ਜਾ ਸਕਦੀ ਹੈ। ਜੇਮਸ ਬਰਟਨ ਕੌਫ਼ਮੈਨ ਨੇ ਇਸ ਤਰ੍ਹਾਂ ਦੇ ਧੋਣ ਨੂੰ "ਮਸੀਹੀ ਬਪਤਿਸਮੇ ਦਾ ਅਗਰਦੂਤ (ਤੀਤੁਸ 3:5; ਅਫ਼ਸੀਆਂ 5:26) ਕਿਹਾ ਹੈ।"[12] ਜਿਵੇਂ ਉਸ ਸਮੇਂ ਸੀ, ਹੁਣ ਵੀ, ਜੋ ਲੋਕ ਪਰਮੇਸ਼ੁਰ ਦੇ "ਪਵਿੱਤਰ ਅਸਥਾਨ" ਵਿਚ ਪ੍ਰਵੇਸ਼ ਕਰਣਗੇ, ਉਨ੍ਹਾਂ ਨੂੰ ਪਹਿਲਾਂ ਪਾਣੀ ਵਿਚ ਧੋਤਾ ਜਾਣਾ (ਡੁਬਾਇਆ ਜਾਣਾ) ਜ਼ਰੂਰੀ ਹੋਵੇਗਾ (ਰਸੂਲਾਂ ਦੇ ਕਰਤੱਬ 2:38; 22:16; ਅਫ਼ਸੀਆਂ 5:26; ਇਬਰਾਨੀਆਂ 10:22)।

## ਪਵਿੱਤ੍ਰ ਤੇਲ (30:22-33)

**22ਫੇਰ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ ਕਿ। 23ਤੂੰ ਵਧੀਆ ਮਸਾਲਾ ਲਵੀਂ ਅਰਥਾਤ ਪਤਲਾ ਮੁਰ ਪੰਜ ਸੌ ਸ਼ਕਲ ਅਤੇ ਸੁਗੰਧ ਲਈ ਦਾਰਚੀਨੀ ਉਸ ਤੋਂ ਅੱਧੀ ਅਰਥਾਤ ਢਾਈ ਸੌ ਸ਼ਕਲ ਅਤੇ ਸੁਗੰਧ ਵਾਲੀ ਕੁਸ਼ਾ ਢਾਈ ਸੌ ਸ਼ਕਲ। 24ਅਤੇ ਤੱਜ ਪੰਜ ਸੌ ਸ਼ਕਲ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਅਤੇ ਜ਼ੈਤੂਨ ਦਾ ਤੇਲ ਇੱਕ ਹੀਨ। 25ਅਤੇ ਤੂੰ ਉਹ ਨੂੰ ਮਲਣ ਦਾ ਪਵਿੱਤ੍ਰ ਤੇਲ ਗਾਂਧੀ ਦੀ ਕਾਰੀਗਰੀ ਦਾ ਮਿਲੀਆਂ ਹੋਈਆਂ ਸੁਗੰਧਾਂ ਨਾਲ ਬਣਾਈਂ। ਉਹ ਇੱਕ ਮਲਣ ਦਾ ਪਵਿੱਤ੍ਰ ਤੇਲ ਹੋਵੇ।
26ਤੂੰ ਉਸ ਨਾਲ ਮੰਡਲੀ ਦੇ ਤੰਬੂ ਨੂੰ ਅਤੇ ਸਾਖੀ ਦੇ ਸੰਦੂਕ ਨੂੰ ਮਲੀਂ। 27ਨਾਲੇ ਮੇਜ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਸ਼ਮਾਦਾਨ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਧੂਪ ਦੀ ਜਗਵੇਦੀ ਨੂੰ।
28ਅਤੇ ਹੋਮ ਦੀ ਬਲੀ ਦੀ ਜਗਵੇਦੀ ਨੂੰ ਅਤੇ ਉਸ ਦੇ ਸਾਰੇ ਸਮਾਨ ਨੂੰ ਅਤੇ ਹੌਦ ਅਰ ਉਸ ਦੀ ਚੌਂਕੀ ਨੂੰ। 29ਤੂੰ ਉਨ੍ਹਾਂ ਨੂੰ ਪਵਿੱਤ੍ਰ ਕਰੀਂ ਕਿ ਓਹ ਅੱਤ ਪਵਿੱਤ੍ਰ ਹੋਣ ਅਤੇ ਜੋ ਕੁਝ ਉਨ੍ਹਾਂ ਨੂੰ ਲੱਗੇ ਪਵਿੱਤ੍ਰ ਹੋਵੇਗਾ। 30ਤਾਂ ਤੂੰ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਮਸਹ ਕਰ ਕੇ ਪਵਿੱਤ੍ਰ ਕਰੀਂ ਤਾਂ ਜੋ ਓਹ ਮੇਰੀ ਜਾਜਕਾਈ ਦੀ ਉਪਾਸਨਾ ਕਰਨ। 31ਅਤੇ ਤੂੰ ਇਸਰਾਏਲੀਆਂ ਨੂੰ ਬੋਲੀਂ ਭਈ ਏਹ ਮਲਣ ਦਾ ਪਵਿੱਤ੍ਰ ਤੇਲ ਮੇਰੇ ਲਈ ਤੁਹਾਡੀਆਂ ਪੀੜ੍ਹੀਆਂ ਤੀਕ ਹੋਵੇ। 32ਏਹ ਆਦਮੀ ਦੇ ਪਿੰਡੇ ਉੱਤੇ ਨਹੀਂ**

**ਲਾਈਦਾ ਅਤੇ ਉਸ ਦੀ ਸਮੱਗਰੀ ਤੋਂ ਹੋਰ ਕਿਸੇ ਪਰਕਾਰ ਦਾ ਤੇਲ ਤੁਸੀਂ ਨਾ ਬਣਾਇਓ। ਏਹ ਪਵਿੱਤ੍ਰ ਹੈ ਅਤੇ ਤੁਹਾਡੇ ਲਈ ਪਵਿੱਤ੍ਰ ਰਹੇ। [33]ਜਿਹੜਾ ਮਨੁੱਖ ਉਸ ਵਰਗੀ ਮਲਾਉਟ ਕਰੇ ਅਤੇ ਉਸ ਵਿੱਚੋਂ ਕਿਸੇ ਓਪਰੇ ਉੱਤੇ ਚੋਵੇ ਉਹ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ।**

ਮਸਹ ਦੇ ਤੇਲ ਨੂੰ ਬਣਾਉਣ ਲਈ ਅਤੇ ਡੇਹਰੇ ਅਤੇ ਜਾਜਕਾਂ ਨੂੰ ਮਸਹ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਕੂਚ 40:9-16 ਮਸਹ ਵਾਲੇ ਤੇਲ ਨੂੰ ਇਸਤੇਮਾਲ ਕਰਨ ਦੀਆਂ ਹਿਦਾਇਤਾਂ ਨੂੰ ਦੁਹਰਾਉਂਦਾ ਹੈ ਅਤੇ ਕਹਿੰਦਾ ਹੈ ਕਿ ਮੂਸਾ ਨੇ ਉਨ੍ਹਾਂ ਦੀ ਪਾਲਣਾ ਕੀਤੀ। ਇਸ ਅਧਿਆਇ ਦੀਆਂ ਹੋਰਨਾਂ ਹਿਦਾਇਤਾਂ ਦੇ ਵਾਂਗ, ਇਹ ਵੀ ਜਾਜਕਾਂ ਦੇ ਕੰਮ ਨਾਲ ਗਹਿਰਾਈ ਨਾਲ ਸੰਬੰਧਤ ਹਨ।

**ਆਇਤਾਂ 22-24.** ਤੇਲ ਨੂੰ ਬਣਾਉਣ ਲਈ **ਵਧੀਆ ਮਸਾਲਾ - ਮੁਰ, ਦਾਰਚੀਨੀ, ਸੁਗੰਧ ਵਾਲੀ ਕੁਸ਼ਾ, ਤੱਜ, ਜ਼ੈਤੂਨ ਦਾ ਤੇਲ** ਦੀ ਲੋੜ ਹੁੰਦੀ ਸੀ। ਕੁੱਲ ਮਿਲਾ ਕੇ, ਦੱਸੀ ਹੋਈ ਮਾਤਰਾ ਵਿਚ "ਲਗਭਗ ਸੋਲਾਂ ਪਾਊਂਡ ਦਾਲਚੀਨੀ ਅਤੇ ਮਸਾਲੇ ਅਤੇ ਇੱਕ ਗੈਲਨ ਜ਼ੈਤੂਨ ਦਾ ਤੇਲ," ਸ਼ਾਮਲ ਹੈ, ਇੱਕ ਅਜਿਹੀ ਕੁੱਲ ਮਾਤਰਾ ਜਿਸ ਨੇ ਪੀਟਰ ਐਨਸ ਨੂੰ "ਇੱਕ ਮਹਿੰਗੇ ਅਤੇ ਅਸਧਾਰਣ ਨੁਸਖੇ"[13] ਦੇ ਰੂਪ ਵਿਚ ਗੱਲ ਕਰਨ ਦੇ ਲਈ ਪ੍ਰੇਰਿਤ ਕੀਤਾ। ਕੋਲ ਨੇ ਕਿਹਾ, "ਇਸਤੇਮਾਲ ਕੀਤੇ ਜਾਣ ਵਾਲੇ ਮਸਾਲੇ ਦੁਰਲੱਭ, ਕੀਮਤੀ ਅਤੇ ਸੁਗੰਧਿਤ ਹੁੰਦੇ ਹਨ, ਜ਼ਿਆਦਾਤਰ ਵਪਾਰ ਦੇ ਰਸਤੇ ਭਾਰਤ ਤੋਂ ਦੂਰ ਦੇਸਾਂ ਤੋਂ ਆਉਂਦੇ ਹਨ: ਕਿਉਂਕਿ ਅਰਬ ਨਾ ਸਿਰਫ ਮਸਾਲਿਆਂ ਦਾ ਬਣਾਉਣ ਵਾਲਾ ਸੀ, ਪਰ ਇੱਕ ਮਹਾਨ-ਮੰਡੀ ਵੀ ਸੀ।"[14]

**ਆਇਤ 25.** ਪਹਿਲੇ ਬੈਚ ਦੇ ਸਮਾਪਤ ਹੋਣ ਤੋਂ ਬਾਅਦ ਹਿਦਾਇਤਾਂ ਦਾ ਸਾਵਧਾਨੀ ਨਾਲ ਇਸਤੇਮਾਲ ਕਰਨ ਨਾਲ ਹੋਰ **ਮਲਣ ਦਾ ਤੇਲ** ਬਣਾ ਸਕਣਾ ਸੰਭਵ ਹੋ ਗਿਆ ਸੀ। ਦਿੱਤੀਆਂ ਗਈਆਂ ਹਿਦਾਇਤਾਂ ਨੂੰ ਤੇਲ ਦਾ ਉਤਪਾਦਨ ਜਾਰੀ ਰੱਖਣ ਦੇ ਲਈ ਨੁਕਤਾ ਮੰਨਿਆ ਜਾਂਦਾ ਹੈ, ਜਿਵੇਂ ਕਿ ਇਸ ਤੱਥ ਤੋਂ ਸੰਕੇਤ ਮਿਲਦਾ ਹੈ ਕਿ ਦੂਜੇ ਲੋਕਾਂ ਨੂੰ ਆਪਣੇ ਖੁਦ ਦੇ ਉਦੇਸ਼ਾਂ ਦੇ ਲਈ ਇਸੇ ਨੁਸਖੇ ਦੀ ਵਰਤੋਂ ਕਰਨ ਦੇ ਪ੍ਰਤਿ ਚੇਤਾਵਨੀ ਦਿੱਤੀ ਗਈ ਸੀ (30:32, 33)। ਇਹ **ਪਵਿੱਤ੍ਰ** ਹੋਵੇ, ਅਤੇ ਪਰਮੇਸ਼ੁਰ ਦੇ ਵਿਸ਼ੇਸ਼ ਉਦੇਸ਼ਾਂ ਦੇ ਲਈ ਵੱਖਰਾ ਕੀਤਾ ਗਿਆ ਹੋਵੇ।

**ਆਇਤਾਂ 26-29.** ਇਹ ਹਵਾਲਾ **ਮਲਣ ਦੇ ਤੇਲ** ਦੇ ਉਦੇਸ਼ਾਂ ਨੂੰ ਦੱਸਦਾ ਹੈ। ਇਸ ਨੂੰ ਡੇਹਰੇ ਅਤੇ ਇਸ ਦੇ ਫਰਨੀਚਰ, ਦੇ ਨਾਲ ਨਾਲ ਉੱਥੇ ਸੇਵਾ ਕਰਨ ਵਾਲੇ ਜਾਜਕਾਂ ਨੂੰ ਮਸਹ ਕਰਨ ਦੇ ਲਈ ਵਰਤਿਆ ਜਾਂਦਾ ਸੀ। ਇਹ ਤੇਲ ਉਨ੍ਹਾਂ ਨੂੰ ਪਵਿੱਤਰ ਕਰਨ ਵਰਤਿਆ ਜਾਂਦਾ ਸੀ, ਤਾਂ ਕਿ ਉਨ੍ਹਾਂ ਨੂੰ **ਅੱਤ ਪਵਿੱਤ੍ਰ** ਬਣਾਇਆ ਜਾ ਸਕੇ। ਜਾਜਕ ਇਸ ਗੱਲ ਵਿਚ "ਅੱਤ ਪਵਿੱਤਰ" ਸਨ ਕਿ ਉਨ੍ਹਾਂ ਨੂੰ ਖਾਸ ਤੌਰ ਤੇ ਡੇਹਰੇ ਵਿਚ ਸੇਵਾ ਕਰਨ ਦੇ ਲਈ ਵੱਖਰਾ ਕੀਤਾ ਗਿਆ ਸੀ। ਇਹ ਮਸਹ ਦੇ ਤੇਲ ਦਾ ਸਦਾ ਦੇ ਲਈ ਖਾਸ ਉਦੇਸ਼ ਸੀ (30:31-33)।

**ਆਇਤਾਂ 30-33.** ਜੇਕਰ ਕਿਸੇ ਨੇ **ਮਲਣ ਦਾ ਪਵਿੱਤ੍ਰ ਤੇਲ** ਕਿਸੇ ਹੋਰ ਉਦੇਸ਼ ਦੇ ਲਈ ਇਸਤੇਮਾਲ ਕੀਤਾ ਹੋਵੇ ਜਾਂ ਵਿਅਕਤੀਗਤ ਉਪਯੋਗ ਦੇ ਲਈ ਇਸ ਦੇ ਵਾਂਙੂ ਬਣਾਇਆ ਹੋਵੇ, ਤਾਂ ਉਹ ਵਿਅਕਤੀ **ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ,** ਜਾਂ ਮਾਰ ਦਿੱਤਾ ਜਾਵੇ (ਵੇਖੋ 12:15, 19; 31:14)। ਪ੍ਰਭੂ ਮਸਹ ਦੇ ਤੇਲ ਦੇ ਗਲਤ ਉਪਯੋਗ ਦੇ ਲਈ ਕਿਸੇ ਨੂੰ ਸਜ਼ਾ ਕਿਉਂ ਦੇਵੇਗਾ? ਐਨਸ ਨੇ ਇੱਕ ਸਹੀ ਉੱਤਰ ਦਿੱਤਾ:

> ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪੂਰੀ ਤਰ੍ਹਾਂ ਪਾਲਣ ਦਾ ਕਰਨ ਦੀ ਉਮੀਦ ਕੀਤੀ ਜਾ ਸਕਣ ਵਾਲੀ ਸਜ਼ਾ ਮੌਤ ਹੈ। ਕਿਸੇ ਨੂੰ ਇਹ ਪੁੱਛਣ ਦੇ ਲਈ ਭਰਮਾਇਆ ਜਾ ਸਕਦਾ ਹੈ, "ਮਸਹ ਦੇ ਤੇਲ ਅਤੇ ਧੂਪ ਵਿਚ ਕਿਹੜੀ ਵੱਡੀ ਗੱਲ ਹੈ?" ਇਹ ਪੁੱਛਿਆ ਜਾ ਸਕਣ ਵਾਲਾ ਪ੍ਰਸ਼ਨ ਬਾਈਬਲ ਤੇ

ਅਧਾਰਤ ਨਹੀਂ ਹੈ। ਇਸ ਮਾਮਲੇ ਦਾ ਤੱਥ ਇਹ ਹੈ ਕਿ ਤੇਲ ਅਤੇ ਧੂਪ ਇਸਰਾਏਲ ਦੇ ਕੋਲੋਂ ਇਸ ਪ੍ਰਕਾਰ ਦਾ ਸਤਿਕਾਰ ਪਾਉਣ ਦੇ ਯੋਗ *ਹਨ।*[15]

ਮਸਹ ਦਾ ਤੇਲ ਅਤੇ ਧੂਪ ਆਦਰ ਦੇ ਯੋਗ ਸਨ ਕਿਉਂਕਿ ਪਰਮੇਸ਼ੁਰ ਨੇ ਕਿਹਾ ਸੀ ਕਿ ਉਹ ਸਨ।

## ਸੁਗੰਧ ਵਾਲੀ ਧੂਪ (30:34-38)

**34ਯਹੋਵਾਹ ਨੇ ਮੂਸਾ ਨੂੰ ਆਖਿਆ, ਤੂੰ ਆਪਣੇ ਲਈ ਮੁਰ ਵਾਲਾ ਮਸਾਲਾ ਲਈਂ ਅਰਥਾਤ ਮੁਰ**
**ਮਸਤਕੀ ਅਤੇ ਲੌਨ ਅਤੇ ਖ਼ਾਲਸ ਲੋਬਾਨ - ਏਹ ਇੱਕੋ ਵਜ਼ਨ ਦੇ ਹੋਣ। 35ਤੂੰ ਉਸ ਨੂੰ ਸੁਗੰਧ ਵਾਲੀ**
**ਧੂਪ ਗਾਂਧੀ ਦੀ ਕਾਰੀਗਰੀ ਦੀ ਬਣਾਈਂ। ਸਲੂਣੀ ਨਿਰੋਲ ਅਤੇ ਪਵਿੱਤ੍ਰ ਹੋਵੇ। 36ਤੂੰ ਉਸ ਵਿੱਚੋਂ ਕੁਝ**
**ਅੱਤ ਮਹੀਨ ਪੀਹ ਕੇ ਉਹ ਨੂੰ ਸਾਖੀ ਦੇ ਸੰਦੂਕ ਅੱਗੇ ਮੰਡਲੀ ਦੇ ਤੰਬੂ ਵਿੱਚ ਰੱਖੀਂ ਜਿੱਥੇ ਮੈਂ ਤੈਨੂੰ**
**ਮਿਲਾਂਗਾ। ਏਹ ਤੁਹਾਡੇ ਲਈ ਅੱਤ ਪਵਿੱਤ੍ਰ ਹੋਵੇ। 37ਜਿਹੜੀ ਧੂਪ ਤੂੰ ਬਣਾਵੇਂਗਾ ਉਸ ਦੀ ਸਮੱਗਰੀ**
**ਤੋਂ ਹੋਰ ਧੂਪ ਆਪਣੇ ਲਈ ਨਾ ਬਣਾਇਓ, ਉਹ ਤੇਰੀ ਵੱਲੋਂ ਯਹੋਵਾਹ ਲਈ ਪਵਿੱਤ੍ਰ ਹੋਵੇ। 38ਜਿਹੜਾ**
**ਮਨੁੱਖ ਉਸ ਵਾਂਙੁ ਸੁੰਘਣ ਲਈ ਬਣਾਵੇ ਉਹ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ।**

**ਆਇਤਾਂ 34, 35.** ਡੇਰਹੇ ਦੀ ਉਸਾਰੀ ਅਤੇ ਉਸ ਦੇ ਸਾਜ਼-ਸਾਮਾਨ ਦੇ ਪ੍ਰਤਿ ਹਿਦਾਇਤਾਂ, ਇਸ ਦੇ ਨਾਲ ਨਾਲ ਜਾਜਕਾਂ ਦੇ ਬਸਤਰਾਂ, ਥਾਪੇ ਜਾਣ, ਅਤੇ ਕੰਮ ਦੇ ਨਿਰਦੇਸ਼ਾਂ ਦਾ ਅੰਤ, ਜਗਵੇਦੀ ਤੇ ਜਲਾਈ ਜਾਣ ਵਾਲੀ ਧੂਪ ਨੂੰ ਬਣਾਉਣ ਦੀਆਂ ਹਿਦਾਇਤਾਂ ਦੇ ਨਾਲ ਹੁੰਦਾ ਹੈ। ਮਸਹ ਦੇ ਤੇਲ ਲਈ ਦਿੱਤੀਆਂ ਗਈਆਂ ਹਿਦਾਇਤਾਂ ਪਹਿਲਾਂ ਦਿੱਤੀਆਂ ਗਈਆਂ ਹਿਦਾਇਤਾਂ ਦੇ ਸਮਾਨ ਹਨ। (1) ਇੱਕ ਵਿਸਤ੍ਰਿਤ ਨੁਸਖਾ ਦਿੱਤਾ ਜਾਂਦਾ ਹੈ (30:34-36)। (2) ਲੋੜੀਂਦੇ **ਮਸਾਲਾ** [ਮਸਾਲੇ] ਦੁਰਲੱਭ ਅਤੇ ਮਹਿੰਗੇ ਸਨ।[16] ਧੂਪ ਬਣਾਉਣ ਲਈ ਇਸਤੇਮਾਲ ਕੀਤੇ ਜਾਣ ਵਾਲੇ ਮਸਾਲਿਆਂ ਦੀ ਨਿਸ਼ਚਤ ਤੌਰ ਤੇ ਪਹਿਚਾਣ ਨਹੀਂ ਕੀਤੀ ਜਾ ਸਕਦੀ ਹੈ। (3) ਧੂਪ ਨੂੰ **ਪਵਿੱਤ੍ਰ** ਮੰਨਿਆ ਜਾਣਾ ਚਾਹੀਦਾ ਸੀ (30:35, 36)। (4) ਕਿਸੇ ਵੀ ਵਿਅਕਤੀ ਨੇ ਆਪਣੇ ਵਿਅਕਤੀਗਤ ਇਸਤੇਮਾਲ ਦੇ ਲਈ ਇਸ ਧੂਪ ਨੂੰ ਨਹੀਂ ਬਣਾਉਣਾ ਸੀ (30:37)। (5) ਜੇਕਰ ਕੋਈ ਇਸ ਨੇਮ ਨੂੰ ਤੋੜਦਾ ਸੀ, ਤਾਂ ਉਸ ਨੂੰ "ਉਸ ਦੇ ਲੋਕਾਂ ਵਿਚੋਂ ਛੇਕਿਆ" ਜਾਂਦਾ ਸੀ (30:38), ਜਾਂ ਮਾਰ ਦਿੱਤਾ ਜਾਂਦਾ ਸੀ।

**ਆਇਤ 36.** ਲਿਖਤ ਕਹਿੰਦੀ ਹੈ ਕਿ ਮਸਾਲਿਆਂ ਨੂੰ **ਅੱਤ ਮਹੀਨ ਪੀਹੀਆ** ਜਾਣਾ ਚਾਹੀਦਾ ਸੀ ਅਤੇ **ਸਾਖੀ ਦੇ ਸੰਦੂਕ ਅੱਗੇ ਮੰਡਲੀ ਦੇ ਤੰਬੂ ਵਿੱਚ** ਰੱਖਿਆ ਜਾਣਾ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਨੂੰ **ਮਿਲਾਂਗਾ** (ਮਿਲੇਗਾ)। ਮਸਾਲਿਆਂ ਨੂੰ "ਕੁੱਟਣ," ਜਾਂ ਪੀਸਣ ਦੀ ਲੋੜ ਦਾ ਮਤਲਬ ਇਹ ਹੈ ਕਿ ਮਿਸ਼ਰਣ ਨੂੰ "ਮੋਟੇ ਰਾਲ-ਅਨਾਜ ਦੇ ਰੂਪ ਵਿਚ" ਉਸ ਸਮੇਂ ਤੱਕ ਰੱਖਿਆ ਜਾਂਦਾ ਸੀ ਜਦੋਂ ਤੱਕ ਇਹ ਉਪਯੋਗ ਕਰਨ ਦੇ ਲਈ ਤਿਆਰ ਨਾ ਹੋਣ।[17] ਇਸ ਕੁੱਟੇ ਹੋਏ ਮਿਸ਼ਰਣ ਨੂੰ "ਸਾਖੀ ਦੇ ਸੰਦੂਕ ਅੱਗੇ ਮੰਡਲੀ ਦੇ ਤੰਬੂ ਵਿੱਚ ਰੱਖਣ" ਦਾ ਅਰਥ ਸਿਰਫ ਧੂਪ ਦੀ ਵੇਦੀ ਤੇ ਚੜ੍ਹਾਇਆ ਜਾਣਾ ਹੈ। ਪਰਦੇ ਦੀ ਨੇੜਤਾ ਅਤੇ ਇਸ ਦੇ ਇਸਤੇਮਾਲ ਦੇ ਸੁਭਾਅ ਦੇ ਕਾਰਣ, ਧੂਪ ਦੀ ਵੇਦੀ ਅੱਤ ਪਵਿੱਤਰ ਸਥਾਨ ਅਤੇ ਇਸ ਦੀ ਸਮੱਗਰੀ ਦੇ ਨਾਲ ਨਿਕਟ ਸੰਬੰਧ ਰੱਖਦੀ ਹੈ।

**ਆਇਤਾਂ 37, 38. ਧੂਪ** ਨਿਜੀ ਇਸਤੇਮਾਲ ਦੇ ਲਈ ਨਹੀਂ ਸੀ। ਇਸ ਨੂੰ ਵੀ **ਯਹੋਵਾਹ ਲਈ ਪਵਿੱਤ੍ਰ ...** ਦੇ ਰੂਪ ਵਿਚ ਵੱਖਰਾ ਰੱਖਿਆ ਜਾਂਦਾ ਸੀ।

# ਪ੍ਰਾਸੰਗਿਕਤਾ

**ਜਾਜਕਪੁਣੇ ਦੇ ਵਿਸ਼ੇਸ਼ ਅਧਿਕਾਰ ਅਤੇ ਖਤਰੇ (ਅਧਿਆਏ 29; 30)**

ਕੂਚ 28-30 ਜਾਜਕਾਂ ਅਤੇ ਤੰਬੂ ਦੇ ਵਿਚ ਉਨ੍ਹਾਂ ਦੀ ਸੇਵਾ ਦੇ ਵਿਸ਼ੇ ਵਿਚ ਹੈ। ਅਧਿਆਇ 29 ਉਨ੍ਹਾਂ ਦੇ ਮਸਹ ਕੀਤੇ ਜਾਣ ਦਾ ਵਰਣਨ ਕਰਦਾ ਹੈ, ਅਧਿਆਇ ਦੇ ਆਖਰੀ ਭਾਗ ਵਿਚ ਜਾਜਕਾਂ ਦੇ ਕੰਮ ਦੀ ਇੱਕ ਚਰਚਾ ਸ਼ੁਰੂ ਹੁੰਦੀ ਹੈ ਜੋ ਅਧਿਆਇ 30 ਤੱਕ ਜਾਰੀ ਰਹਿੰਦੀ ਹੈ। ਇਹ ਹਵਾਲੇ ਪੁਰਾਣੇ ਨੇਮ ਦੇ ਤਹਿਤ ਜਾਜਕ ਦੇ ਰੂਪ ਵਿਚ ਸੇਵਾ ਕਰਨ ਦੇ ਵਿਸ਼ੇਸ਼ ਅਧਿਕਾਰ ਅਤੇ ਖਤਰੇ ਦੇ ਵਿਸ਼ੇ ਵਿਚ ਦੱਸਦੇ ਹਨ। ਕਿਉਂਕਿ ਅਸੀਂ ਨਵੇਂ ਨੇਮ ਦੇ ਅਧੀਨ ਹਾਂ, ਇਸ ਲਈ ਅੱਜ ਕਿਹੜੇ ਸਮਾਂਤਰ ਖਿੱਚੇ ਜਾ ਸਕਦੇ ਹਨ?

*ਜਾਜਕ ਬਣਨ ਦਾ ਵਿਸ਼ੇਸ਼ ਅਧਿਕਾਰ।* ਕੂਚ 29 ਅਤੇ 30 ਦੇ ਅਨੁਸਾਰ, ਜਾਜਕਾਂ ਨੂੰ ਘੱਟੋ ਘੱਟ ਛੇ ਚੀਜ਼ਾਂ ਕਰਨ ਦਾ ਵਿਸ਼ੇਸ਼ ਅਧਿਕਾਰ ਸੀ ਜੋ ਬਾਕੀ ਇਸਰਾਏਲੀ ਨਹੀਂ ਕਰ ਸਕਦੇ ਸਨ। (1) ਉਹ ਹੋਮ ਬਲੀ ਦੀ ਜਗਵੇਦੀ ਤੇ ਬਲੀਆਂ ਚੜ੍ਹਾਉਂਦੇ ਸਨ (29:38-46)। ਰੋਜ਼ਾਨਾ ਦਿਨ ਵਿਚ ਦੋ ਲੇਲੇ ਬਲੀਦਾਨ ਕੀਤੇ ਜਾਂਦੇ ਸਨ। (2) ਉਹ ਧੂਪ ਦੀ ਜਗਵੇਦੀ ਉੱਤੇ ਦਿਨ ਵਿਚ ਦੋ ਵਾਰ ਧੂਪ ਧੁਖਾਉਂਦੇ ਸਨ (30:1-19)। (3) ਉਹ ਲੋਕਾਂ ਦੇ ਪਾਪਾਂ ਦੇ ਲਈ ਪ੍ਰਾਸਚਿਤ ਕਰਦੇ ਸਨ (30:10)। ਧੂਪ ਦੀ ਵੇਦੀ ਦਾ ਪ੍ਰਾਸਚਿਤ ਦੇ ਦਿਨ ਇਸਤੇਮਾਲ ਕੀਤਾ ਜਾਂਦਾ ਸੀ। (4) ਉਹ ਲੋਕਾਂ ਤੋਂ ਦਾਨ ਪ੍ਰਾਪਤ ਕਰ ਕੇ ਉਸ ਦਾ ਭੁਗਤਾਨ ਕਰਦੇ ਸਨ (30:12-16)। ਲਿਖਤ ਵਿਚ ਮਰਦਮਸ਼ੁਮਾਰੀ ਅਤੇ ਕਰ ਦੇ ਸੰਬੰਧ ਵਿਚ ਜਾਜਕਾਂ ਦੀ ਭੂਮਿਕਾ ਦਾ ਉਲੇਖ ਨਹੀਂ ਕੀਤਾ ਗਿਆ ਹੈ, ਪਰ ਅਸੀਂ ਇਹ ਮੰਨ ਸਕਦੇ ਹਾਂ ਕਿ ਜਾਜਕਾਂ ਨੇ ਧਨ ਇਕੱਠਾ ਕਰਨ ਅਤੇ ਉਸ ਨੂੰ ਵਰਤਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। (5) ਉਨ੍ਹਾਂ ਨੂੰ ਹੌਦ ਵਿਚ ਨਹਾਉਂਦੇ ਸਨ (30:17-21)। ਇਸ ਪ੍ਰਸੰਗ ਵਿਚ ਹੌਦ ਦੇ ਬਣਾਉਣ ਦੀਆਂ ਹਿਦਾਇਤਾਂ ਦਿੱਤੀਆਂ ਗਈਆਂ ਸਨ ਕਿਉਂਕਿ ਹੌਦ ਜਾਜਕਾਂ ਦੀ ਭੂਮਿਕਾ ਅਤੇ ਕੰਮ ਦੇ ਨਾਲ ਬਹੁਤ ਹੀ ਗਹਿਰਾ ਸੰਬੰਧ ਰੱਖਦਾ ਸੀ। (6) ਉਹ ਮਸਹ ਦੇ ਤੇਲ ਅਤੇ ਸੁਗੰਧਤ ਧੂਪ ਦਾ ਵੀ ਇਸਤੇਮਾਲ ਕਰਦੇ ਸਨ (30:22-38)।

ਇਨ੍ਹਾਂ ਗਤੀਵਿਧੀਆਂ ਨੇ ਮਹਾਨ ਵਿਸ਼ੇਸ਼ਤਾਵਾਂ ਨੂੰ ਦਰਸਾਇਆ। ਭੇਟਾਂ ਚੜ੍ਹਾਉਣਾ, ਧੂਪ ਧੁਖਾਉਣਾ, ਪਾਪ ਦਾ ਪਰਾਸਚਿਤ ਕਰਨਾ, ਤੰਬੂ ਵਿਚ ਸੇਵਾ ਕਰਨਾ, ਹੌਦ ਵਿਚ ਧੋਣਾ, ਅਤੇ ਤੇਲ ਤੇ ਧੂਪ ਦਾ ਇਸਤੇਮਾਲ ਕਰਨਾ ਇੱਕ ਵਿਸ਼ੇਸ਼ ਅਧਿਕਾਰ ਸੀ।

ਇਸੇ ਤਰੀਕੇ ਦੇ ਨਾਲ, ਅਸੀਂ ਜੋ ਅੱਜ ਮਸੀਹੀ ਹਾਂ ਜਾਜਕਾਂ ਦੇ ਵਾਂਗ ਸੇਵਾ ਕਰਦੇ ਹਾਂ (1 ਪਤਰਸ 2:5)। ਅਸੀਂ ਨਿਰੰਤਰ ਯਿਸੂ ਦੇ ਲਹੂ ਵਿਚ ਧੋਤੇ ਜਾਂਦੇ ਹਾਂ। ਅਸੀਂ ਆਤਮ-ਵਿਸ਼ਵਾਸ ਦੇ ਨਾਲ ਪਰਮੇਸ਼ੁਰ ਦੇ ਸਿੰਘਾਸਣ ਦੇ ਕੋਲ ਪਹੁੰਚਦੇ ਹਾਂ, ਦੂਸਰਿਆਂ ਦੇ ਲਈ ਵਿਚੋਲਗੀ ਕਰਦੇ ਹਾਂ, ਅਤੇ ਕਲੀਸੀਆ ਦੇ ਇੱਕ ਹਿੱਸੇ ਦੇ ਰੂਪ ਵਿਚ ਬੰਦਗੀ ਵਿਚ ਹਿੱਸਾ ਲੈਂਦੇ ਹਾਂ (1 ਤਿਮੋਥਿਉਸ 2:1; ਇਬਰਾਨੀਆਂ 4:16; 10:25; 12:38; 13:15; 1 ਯੂਹੰਨਾ 1:7)। ਇਹ ਮਹਾਨ ਵਿਸ਼ੇਸ਼ਾਧਿਕਾਰ ਹਨ! ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਸਾਨੂੰ ਇਹ ਵਿਸ਼ੇਸ਼ਾਧਿਕਾਰ ਦਿੱਤੇ ਗਏ ਹਨ। ਸਾਨੂੰ ਉਨ੍ਹਾਂ ਦਾ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕਦੀ ਵੀ ਹਲਕਾ ਨਹੀਂ ਲੈਣਾ ਚਾਹੀਦਾ ਜਾਂ ਸਿਰਫ ਇੱਕ ਰੁਟੀਨ ਹੀ ਨਹੀਂ ਬਣਾ ਦੇਣਾ ਚਾਹੀਦਾ ਹੈ।

*ਜਾਜਕ ਹੋਣ ਦਾ ਖ਼ਤਰਾ।* ਜਾਜਕਪੁਣੇ ਦੇ ਵਿਸ਼ੇਸ਼ਾਧਿਕਾਰਾਂ ਨਾਲ ਖਤਰਾ ਪੈਦਾ ਹੋ ਗਿਆ ਸੀ। ਪਰਮੇਸ਼ੁਰ ਪਵਿੱਤਰ ਹੈ; ਇਸ ਲਈ, ਪਰਮੇਸ਼ੁਰ ਦੇ ਨਾਲ ਜੁੜਿਆ ਹੋਇਆ ਸਭ ਕੁੱਝ ਪਵਿੱਤਰ ਹੈ। ਇੱਕ ਪਰਮ-ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਰਹਿਣਾ ਖਤਰਨਾਕ ਹੋ ਸਕਦਾ ਹੈ (33:3)। ਜੋ ਪਵਿੱਤਰ ਸੀ ਉਸ ਨੂੰ ਬਿਨਾਂ ਅਧਿਕਾਰ ਦੇ ਛੂਹ ਕੇ ਜਾਂ ਵੇਖ ਕੇ ਮੌਤ ਨੂੰ ਸੱਦਾ ਦਿੱਤਾ (1 ਸਮੂਏਲ

6:19; 2 ਸਮੂਏਲ 6:6, 7)।

ਇੱਕ ਜਾਜਕ ਦੇ ਕੰਮ ਦੀ ਤੁਲਨਾ ਇੱਕ ਬਿਜਲੀ ਦਾ ਕੰਮ ਕਰਨ ਵਾਲੇ ਦੇ ਨਾਲ ਕੀਤੀ ਜਾ ਸਕਦੀ ਹੈ। ਇਲੈਕਟ੍ਰੀਸ਼ੀਅਨ ਬਿਜਲੀ ਦੇ ਇੱਕ ਸਰੋਤ ਦੇ ਨਾਲ ਕੰਮ ਕਰਦਾ ਹੈ। ਜਦੋਂ ਇਲੈਕਟ੍ਰੀਸ਼ੀਅਨ ਦੇ ਦੁਆਰਾ ਬਿਜਲੀ ਦਾ ਸਹੀ ਇਸਤੇਮਾਲ ਕੀਤਾ ਜਾਂਦਾ ਹੈ, ਤਾਂ ਇਹ ਹੋਰਨਾਂ ਅਤੇ ਖੁਦ ਇਲੈਕਟ੍ਰੀਸ਼ੀਅਨ ਦੇ ਲਈ ਬਹੁਤ ਸਾਰੀਆਂ ਬਰਕਤਾਂ ਨੂੰ ਲਿਆਉਂਦਾ ਹੈ। ਪਰ, ਜੇਕਰ ਬਿਜਲੀ ਦਾ ਮਿਸਤਰੀ ਇੱਕ ਗਲਤੀ ਕਰਦਾ ਹੈ ਭਾਵ ਜੇਕਰ ਉਹ ਬਿਜਲੀ ਦਾ ਗਲਤ ਇਸਤੇਮਾਲ ਕਰਦਾ ਹੈ - ਤਾਂ ਇਲੈਕਟ੍ਰੀਸ਼ੀਅਨ ਦੇ ਲਈ ਅਤੇ ਹੋਰਨਾਂ ਦੇ ਲਈ ਨਤੀਜੇ ਵਿਨਾਸਕਾਰੀ ਹੋ ਸਕਦੇ ਹਨ। ਇਸੇ ਤਰ੍ਹਾਂ, ਜਾਜਕ ਇੱਕ ਮਹਾਨ ਸ਼ਕਤੀ ਦੀ ਵਿਚੋਲਗੀ ਕਰਦਾ ਸੀ। ਜੇ ਉਹ ਸ਼ਕਤੀ ਦੀ ਦੁਰਵਰਤੋਂ ਕਰਦਾ, ਤਾਂ ਉਹ ਆਪਣੇ ਆਪ ਤੇ ਮੌਤ ਅਤੇ ਲੋਕਾਂ ਤੇ ਤਬਾਹੀ ਨੂੰ ਲਿਆ ਸਕਦਾ ਸੀ।

ਕੂਚ 30 ਵਿਚ ਇਸ ਤੱਥ ਤੇ ਜ਼ੋਰ ਦਿੱਤਾ ਗਿਆ ਹੈ। ਅਧਿਆਇ ਦੇ ਹਰ ਭਾਗ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਜੇਕਰ ਜਾਜਕ ਉਹ ਕਰਨ ਵਿਚ ਅਸਫਲ ਹੋ ਜਾਂਦੇ ਹਨ ਜੋ ਉਨ੍ਹਾਂ ਨੂੰ ਕਰਨ ਲਈ ਕਿਹਾ ਗਿਆ ਸੀ ਤਾਂ ਉਨ੍ਹਾਂ ਨੂੰ ਇੱਕ ਜੁਰਮਾਨਾ ਭਰਨਾ ਪਵੇਗਾ। ਉਹ ਜੁਰਮਾਨਾ ਜੋ ਠਹਿਰਾਇਆ ਜਾਂ ਲਾਇਆ ਗਿਆ ਸੀ, ਉਹ ਮੌਤ ਸੀ। ਪ੍ਰਭੂ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਮਰਦਮਸ਼ੁਮਾਰੀ ਕੀਤੀ ਜਾਵੇ ਤਾਂ ਕਿ ਲੋਕਾਂ ਦੇ ਵਿਚਕਾਰ “ਕੋਈ ਬਵਾ” ਨਾ ਹੋਵੇ (30:12)। ਹੌਦ ਦੇ ਸੰਬੰਧ ਵਿਚ, ਜਾਜਕ “ਆਪਣੇ ਹੱਥ ਪੈਰ ਧੋਣ ਕਿ ਓਹ ਨਾ ਮਰਨ” (30:21)। ਜੋ ਕੋਈ ਵੀ ਮਸਹ ਦੇ ਤੇਲ ਦਾ ਗਲਤ ਇਸਤੇਮਾਲ ਕਰਦਾ ਹੈ ਤਾਂ ਉਸ ਨੂੰ “ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ” (30:33)। ਸੁਗੰਧਿਤ ਧੂਪ ਦੇ ਸੰਬੰਧ ਵਿਚ, ਲਿਖਤ ਕਹਿੰਦਾ ਹੈ, “ਜਿਹੜਾ ਮਨੁੱਖ ਉਸ ਵਾਂਙੁ ਸੁੰਘਣ ਲਈ ਬਣਾਵੇ ਉਹ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ” (30:38)। “ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ” ਦਾ ਅਰਥ ਮੌਤ ਦੀ ਸਜ਼ਾ ਨੂੰ ਪ੍ਰਾਪਤ ਕਰਨਾ ਸੀ।

ਦਿਲਚਸਪ ਗੱਲ ਇਹ ਹੈ ਕਿ, ਅਧਿਆਇ ਵਿਚ ਇਕੋ ਇੱਕ ਹੁਕਮ ਹੈ ਜਿਸ ਵਿਚ ਇਸ ਗੱਲ ਨੂੰ ਨਹੀਂ ਦਰਸਾਇਆ ਗਿਆ ਕਿ ਜਿਸ ਸਜ਼ਾ ਧੂਪ ਦੀ ਜਗਵੇਦੀ ਦੇ ਨਾਲ ਸੰਬੰਧਤ ਅਣਆਗਿਆਕਾਰੀ ਦਾ ਸਿੱਟਾ ਹੈ। ਕੂਚ 30:9 ਸਿਰਫ ਕਹਿੰਦੀ ਹੈ, “ਤੁਸੀਂ ਉਸ ਉੱਤੇ ਨਾ ਓਪਰਾ ਧੂਪ ਨਾ ਹੋਮ ਦੀ ਬਲੀ ਨਾ ਮੈਦੇ ਦੀ ਭੇਟ ਚੜ੍ਹਾਇਓ ।” ਫਿਰ ਵੀ, ਪ੍ਰਭੂ ਨੇ ਇਨ੍ਹਾਂ ਹਿਦਾਇਤਾਂ ਦਾ ਪਾਲਣ ਕਰਨ ਵਿਚ ਅਸਫਲ ਰਹਿਣ ਦੀ ਸਜ਼ਾ ਨੂੰ ਸਪੱਸ਼ਟ ਕਰ ਦਿੱਤਾ ਜਦੋਂ ਉਸ ਨੇ ਨਾਦਾਬ ਅਤੇ ਅਬੀਹੂ ਨੂੰ ਜਗਵੇਦੀ ਉੱਤੇ “ਓਪਰਾ ਧੂਪ” ਧੁਖਾਉਣ ਦੇ ਕਾਰਣ ਮਾਰਿਆ ਸੀ (ਲੇਵੀਆਂ 10:1, 2)।

ਰੀਤਾਂ ਨੂੰ ਠੀਕ ਤਰ੍ਹਾਂ ਦੇ ਨਾਲ ਪੂਰਾ ਕਰਨ ਵਿਚ ਅਸਫਲ ਰਹਿਣ ਦੇ ਕਾਰਣ ਮੌਤ ਦੀ ਸਜ਼ਾ ਬਹੁਤ ਹੀ ਗੰਭੀਰ ਲੱਗਦੀ ਹੈ। ਪਰ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਰਮੇਸ਼ੁਰ ਮਨੁੱਖੀ ਮਾਨਕਾਂ ਦੇ ਅਨਸਾਰ ਨਿਆਂ ਨਹੀਂ ਕਰਦਾ ਹੈ ਅਤੇ ਉਸਦੀ ਬੁੱਧ ਅਤੇ ਉਸ ਦੀ ਇੱਛਾ ਨੂੰ ਸਵੀਕਾਰ ਨਹੀਂ ਕਰਦਾ ਹੈ। ਜੇਕਰ ਉਸ ਦਾ ਮਾਪਦੰਡ ਹੈ ਕਿ ਉਸ ਦੀਆਂ ਹਿਦਾਇਤਾਂ ਦਾ ਪਾਲਣ ਕਰਨ ਵਿਚ ਅਸਫਲ ਰਹਿਣਾ ਸੱਚਮੁਚ ਮਾਰੇ ਜਾਣ ਦੇ ਯੋਗ ਹੈ, ਤਾਂ ਇਹ ਹੈ। ਇਸ ਤੋਂ ਇਲਾਵਾ, ਅਸੀਂ ਆਪਣੇ ਆਪ ਨੂੰ ਯਾਦ ਦਿਵਾ ਸਕਦੇ ਹਾਂ ਕਿ ਮਹਾਨ ਵਿਸ਼ੇਸ਼ ਅਧਿਕਾਰਾਂ ਦੇ ਨਾਲ ਮਹਾਨ ਜ਼ਿੰਮੇਵਾਰੀਆਂ ਆਉਂਦੀਆਂ ਹਨ। ਜਾਜਕ, ਜਿਨ੍ਹਾਂ ਦੇ ਲਈ ਕੂਚ 30 ਵਿਚ ਮੁੱਖ ਤੌਰ ਤੇ ਨਿਰਦੇਸ਼ ਦਿੱਤੇ ਗਏ ਸਨ, ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਕਿਸ ਚੀਜ਼ ਦੀ ਲੋੜ ਸੀ। ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿਣਾ ਪਰਮੇਸ਼ੁਰ ਦੇ ਵਿਰੁੱਧ ਖੁੱਲ੍ਹਾ ਵਿਦਰੋਹ ਹੈ ਜਿਸ ਨੇ ਉਹ ਹਿਦਾਇਤਾਂ ਦਿੱਤੀਆਂ ਸਨ। ਕਿਸੇ ਵੀ ਸੈਨਾ ਵਿਚ, ਬਗ਼ਾਵਤ ਅਤੇ ਇੱਕ ਕਮਾਂਡਰ ਦੀਆਂ ਹਿਦਾਇਤਾਂ ਨੂੰ ਮੰਨਣ ਤੋਂ ਇਨਕਾਰ ਕਰਨਾ ਮੌਤ ਦੀ ਸਜ਼ਾ ਦੇ ਯੋਗ ਅਪਰਾਧ ਹੈ। ਇਹ ਬਿਆਨ ਹੋਰ ਕਿੰਨਾ ਵਧੀਕ ਸੱਚ

ਹੈ ਜਦੋਂ ਕਮਾਂਡਰ ਪਰਮ-ਪਵਿੱਤਰ ਪਰਮੇਸ਼ੁਰ ਹੋਵੇ ਜੋ ਕਾਇਨਾਤ ਦਾ ਰਚਣਹਾਰ ਪਰਮੇਸ਼ੁਰ ਹੈ!

*ਸਿੱਟਾ।* ਸਾਡੇ ਲਈ ਸਬਕ ਸਪੱਸ਼ਟ ਹੈ। ਹੋ ਸਕਦਾ ਹੈ ਕਿ ਅਸੀਂ ਸੋਚੀਏ ਕਿ ਜਦੋਂ ਤੱਕ ਅਸੀਂ ਉਸ ਦੀ ਬੰਦਗੀ ਕਰਦੇ ਹਾਂ, ਤਾਂ ਇਸ ਦੇ ਨਾਲ ਪਰਮੇਸ਼ੁਰ ਨੂੰ ਕੋਈ ਫਰਕ ਨਹੀਂ ਪੈਂਦਾ ਭਾਵੇਂ ਬੰਦਗੀ ਕਰਨ ਵਿਚ ਅਸੀਂ ਉਸ ਦੀਆਂ ਹਿਦਾਇਤਾਂ ਨੂੰ ਪੂਰੀ ਤਰ੍ਹਾਂ ਮੰਨੀਏ ਜਾਂ ਨਾ ਮੰਨੀਏ। ਪੁਰਾਣੇ ਨੇਮ ਦੀਆਂ ਉਦਾਹਰਣਾਂ ਹੋਰ ਤਰੀਕੇ ਦੇ ਨਾਲ ਪ੍ਰਕਾਸ਼ਿਤ ਕਰਦੀਆਂ ਹਨ। ਜਿਹੜੇ ਮੁੱਦੇ ਸਾਨੂੰ ਛੋਟੇ ਲੱਗਦੇ ਹਨ ਉਹ ਸ਼ਾਇਦ ਪਰਮੇਸ਼ੁਰ ਨੂੰ ਛੋਟੇ ਨਹੀਂ ਲੱਗਦੇ ਹਨ। ਬੰਦਗੀ ਨਾਲ ਸੰਬੰਧਤ ਮਾਮਲੇ "ਛੋਟੇ" ਮਾਮਲੇ ਸ਼ਾਇਦ ਪਰਮੇਸ਼ੁਰ ਦੇ ਲਈ "ਵੱਡੇ" ਹੋ ਸਕਦੇ ਹਨ।

## ਧੂਪ ਦੀ ਜਗਵੇਦੀ ਤੋਂ ਪ੍ਰਾਰਥਨਾ ਦੇ ਲਈ ਸਬਕ (30:1-10)

ਸੋਨੇ ਦੀ ਜਗਵੇਦੀ ਅਤੇ ਇਸ ਉੱਤੇ ਚੜ੍ਹਾਈ ਜਾਣ ਵਾਲੀ ਧੂਪ ਦੀ ਤੁਲਨਾ ਪ੍ਰਾਰਥਨਾ ਦੇ ਨਾਲ ਕੀਤੀ ਜਾਂਦੀ ਹੈ (ਪਰਕਾਸ਼ ਦੀ ਪੋਥੀ 8:3, 4)। (1) ਧੂਪ ਸਿਰਫ ਜਾਜਕ ਚੜ੍ਹਾਉਂਦੇ ਸਨ, ਅਤੇ ਅੱਜ ਪ੍ਰਾਰਥਨਾ ਵਿਸ਼ਵਾਸੀਆਂ ਦੇ ਜਾਜਕਪੁਣੇ ਦਾ ਵਿਸ਼ੇਸ਼ ਅਧਿਕਾਰ ਹੈ। (2) ਜਗਵੇਦੀ ਅਤੇ ਧੂਪ ਦਾ ਅੱਤ ਪਵਿੱਤਰ ਸਥਾਨ ਨਾਲ ਗੂੜ੍ਹ ਸੰਬੰਧ ਸੀ। ਇੱਥੋਂ ਤੱਕ ਕਿ ਜਿਵੇਂ ਧੂਪ ਦੇ ਧੂੰਵੇਂ ਅਤੇ ਖੁਸ਼ਬੂ ਦੇ ਨਾਲ ਅੱਤ ਪਵਿੱਤਰ ਅਸਥਾਨ ਭਰ ਜਾਂਦਾ ਸੀ, ਉਸੇ ਤਰ੍ਹਾਂ ਸਾਡੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਦੀ ਹਜ਼ੂਰੀ ਵਿਚ ਪਹੁੰਚਦੀਆਂ ਹਨ। (3) ਧੂਪ ਧੁਖਾਉਣ ਦਾ ਪਰਾਸਚਿਤ ਦੇ ਨਾਲ ਗਹਿਰਾ ਸੰਬੰਧ ਹੈ, ਅਤੇ ਮਸੀਹੀ ਮਾਫ਼ੀ ਦੇ ਲਈ ਪ੍ਰਾਰਥਨਾਵਾਂ ਕਰਦੇ ਹਨ। (4) ਹਰ ਸਵੇਰ ਅਤੇ ਸ਼ਾਮ ਨੂੰ ਧੂਪ ਧੁਖਾਈ ਜਾਂਦੀ ਸੀ। ਉਸੇ ਤਰੀਕੇ ਦੇ ਨਾਲ, ਮਸੀਹੀਆਂ ਨੂੰ ਨਿਯਮਤ ਤਰੀਕੇ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ। (5) ਧੂਪ ਧੁਖਾਉਣ ਦੀ ਵੇਦੀ "ਸਭ ਤੋਂ ਪਵਿੱਤਰ" ਸੀ, ਅਤੇ ਧੂਪ ਨਾਲ ਸੰਬੰਧਤ ਨਿਯਮਾਂ ਦਾ "ਸਥਾਈ ਨਿਯਮਾਂ" ਦੇ ਰੂਪ ਵਿਚ ਵਰਣਨ ਕੀਤਾ ਗਿਆ ਸੀ। ਪ੍ਰਾਰਥਨਾ "ਸਭ ਤੋਂ ਪਵਿੱਤਰ" - ਇੱਕ ਰੱਬੀ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਹੈ। ਇਹ ਮਸੀਹ ਦੀ ਆਮਦ ਤੱਕ ਮਸੀਹੀਆਂ ਦੇ ਲਈ ਇੱਕ "ਸਥਾਈ ਕਾਨੂੰਨ" ਵੀ ਹੈ। (6) ਜਗਵੇਦੀ ਅਤੇ ਧੂਪ ਦਾ ਗਲਤ ਇਸਤੇਮਾਲ ਕਰਨਾ ਖ਼ਤਰਨਾਕ ਸੀ (ਲੇਵੀਆਂ 10:1-3), ਅਤੇ ਮਸੀਹੀਆਂ ਨੂੰ ਵੀ ਪ੍ਰਾਰਥਨਾ ਦੇ ਅਧਿਕਾਰ ਦਾ ਗਲਤ ਇਸਤੇਮਾਲ ਨਹੀਂ ਕਰਨਾ ਚਾਹੀਦਾ ਹੈ।

## ਪਰਮੇਸ਼ੁਰ ਦੇ ਅਧੀਨ ਸਮਾਨ (30:15)

ਅਜ਼ਾਦੀ ਦੀ ਘੋਸ਼ਣਾ ਵਿਚ ਕਿਹਾ ਗਿਆ ਹੈ ਕਿ "ਸਾਰੇ ਮਨੁੱਖ ਸਮਾਨ ਹਨ।" ਮੂਸਾ ਦੀ ਸ਼ਰਾ ਦੇ ਤਹਿਤ, ਪਰਮੇਸ਼ੁਰ ਦੇ ਸਾਹਮਣੇ ਹਰ ਕੋਈ ਸਮਾਨ ਸੀ, ਅਤੇ ਨਵੇਂ ਨੇਮ ਦੇ ਤਹਿਤ ਵੀ ਅਜਿਹਾ ਹੀ ਹੈ। ਜਦੋਂ ਪਰਮੇਸ਼ੁਰ ਨੇ ਅੱਧਾ ਸ਼ਕਲ ਕਰ ਦੇਣ ਦੇ ਲਈ ਕਿਹਾ, ਤਾਂ ਉਸ ਨੇ ਮੂਸਾ ਨੂੰ ਦੱਸਿਆ, "ਤਾਂ ਧਨੀ ਵੱਧ ਅਤੇ ਕੰਗਾਲ ਉਸ ਤੋਂ ਘੱਟ ਨਾ ਦੇਣ।" ਬਹੁਤ ਤਰੀਕਿਆਂ ਨਾਲ, ਅੱਜ ਪਰਮੇਸ਼ੁਰ ਧਨੀ ਅਤੇ ਗਰੀਬ, ਜਵਾਨ ਅਤੇ ਬੁੱਢੇ, ਪੁਰਖ ਅਤੇ ਨਾਰੀ ਦੇ ਸਮਾਨ ਹੋਣ ਦੀ ਉਮੀਦ ਕਰਦਾ ਹੈ। ਦੇਣ ਦੇ ਬਾਰੇ, ਹਰੇਕ ਮਸੀਹੀ ਇਸਤਰੀ ਜਾਂ ਪੁਰਖ ਨੂੰ ਆਪਣੀ ਖੁਸ਼ਹਾਲੀ ਦੇ ਅਨੁਸਾਰ ਦੇਣਾ ਚਾਹੀਦਾ ਹੈ (1 ਕੁਰਿੰਥੀਆਂ 16:1, 2)।

ਇਸੇ ਤਰ੍ਹਾਂ, ਮਸੀਹੀ ਬਣਨ ਦੇ ਲਈ ਸਾਰਿਆਂ ਨੂੰ ਇੱਕੋ ਇੰਜੀਲ ਦੇ ਬਿਰਤਾਂਤ ਦਾ ਪਾਲਣ ਕਰਨ ਦੀ ਲੋੜ ਹੈ (ਗਲਾਤੀਆਂ 3:26-28)। ਹਰ ਕੋਈ ਜੋ ਮੁਕਤੀ ਦੀ ਭਾਲ ਕਰਦਾ ਹੈ ਉਸ ਨੂੰ ਜ਼ਰੂਰ ਇੰਜੀਲ ਦੇ ਬਿਰਤਾਂਤ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ: "... ਕਿਉਂ ਜੋ ਮੈਂ ਮੁੱਖ ਗੱਲਾਂ ਵਿੱਚੋਂ ਉਹ ਗੱਲ ਤੁਹਾਨੂੰ ਸੌਂਪ ਦਿੱਤੀ ਜਿਹੜੀ ਮੈਨੂੰ ਪਰਾਪਤ ਵੀ ਹੋਈ ਜੋ ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ। ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ

ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ" (1 ਕੁਰਿੰਥੀਆਂ 15:3, 4)। ਜਦੋਂ ਅਸੀਂ ਆਪਣੇ ਪਾਪਾਂ ਤੋਂ ਤੌਬਾ ਕਰਦੇ ਹਾਂ ਅਤੇ ਬਪਤਿਸਮੇ ਦੇ ਵਿਚ ਉਨ੍ਹਾਂ ਨੂੰ ਧੋ ਦਿੰਦੇ ਹਾਂ (ਰਸੂਲਾਂ ਦੇ ਕਰਤੱਬ 2:38), ਤਾਂ ਅਸੀਂ ਪਰਮੇਸ਼ੁਰ ਦੇ ਬੱਚੇ ਅਤੇ ਮਸੀਹ ਦੇ ਨਾਲ ਸੰਗੀ ਉੱਤਰਾਧਿਕਾਰੀ ਬਣ ਜਾਂਦੇ ਹਾਂ (ਯੂਹੰਨਾ 1:12; ਰੋਮੀਆਂ 8:17; 1 ਯੂਹੰਨਾ 3:1)। ਪਰਮੇਸ਼ੁਰ ਯੂਨਾਨੀ ਅਤੇ ਯਹੂਦੀ, ਇਸਤਰੀ ਅਤੇ ਪੁਰਖ, ਗੁਲਾਮ ਅਤੇ ਅਜ਼ਾਦ ਵਿਚ ਕੋਈ ਭਿੰਨ-ਭੇਦ ਨਹੀਂ ਕਰਦਾ ਹੈ: ਸਾਰੇ ਜੋ ਉਸ ਦੇ ਨਾਮ ਨੂੰ ਪੁਕਾਰਦੇ ਹਨ ਉਹ ਬਚਾਏ ਜਾਣਗੇ (ਰੋਮੀਆਂ 10:12, 13; ਗਲਾਤੀਆਂ 3:28)।

---

ਟਿੱਪਣੀਆਂ

[1]ਅੰਬਰਟੋ ਕਸੈਟੋ, *ਏ ਕਮੈਂਟਰੀ ਔਨ ਦ ਬੁੱਕ ਆਫ਼ ਐਕਸੋਡਸ,* ਅਨੁਵਾਦ ਇਸਰਾਏਲ ਅਬਰਾਹਾਮਸ (ਯਰੂਸ਼ਲਮ: ਮੈਗਨੇਸ ਪ੍ਰੈਸ, 1997), 391; ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਸ ਗਰੂਵ, ਇਲੀਨੋਇਸ: ਇੰਟਰ ਵਰਸਿਟੀ ਪ੍ਰੈੱਸ, 1973), 205; ਨਹੂਮ ਐਮ. ਸਰਨਾ, *ਐਕਸੋਡਸ:* ਨਹੂਮ ਐਮ. ਸਰਨਾ, ਐਕਸੋਡਸ, ਦ JPS ਤੋਰਹ ਕਮੈਂਟਰੀ (ਨਿਊ ਯਾਰਕ: ਜੂਇਸ਼ ਪਬਲਿਕੇਸ਼ਨ ਸੋਸਾਇਟੀ, 1991), 193; ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੈਂਟਸ ਕਮੈਂਟ੍ਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜੋਂਡੇਰਵਨ ਪਬਲਿਸ਼ਿੰਗ ਹਾਊਸ, 1982), 281; ਜੌਨ I. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟ੍ਰੀ, ਜਿਲਦ 3 (ਵਾਕੋ, ਟੈਕਸਸ: ਵਰਡ ਬੁਕਸ, 1987), 399. [2]ਲੂਇਸ ਗੋਲਡਬਰਗ, *ਇਵੈਂਜਲੀਕਲ ਕਮੈਂਟਰੀ ਔਨ ਦ ਬਾਈਬਲ,* ਵਿਚ "ਲੇਵੀਟੀਕਸ," ਸੋਧ ਵਾਲਟਰ ਏ. ਐਲਵੈਲ (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1989), 78. [3]ਇਹ ਵਿਆਖਿਆ ਇਬਰਾਨੀਆਂ ਦੇ ਬਹੁਤ ਸਾਰੇ ਟੀਕਾਕਾਰਾਂ ਦੇ ਦੁਆਰਾ ਪਸੰਦ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਕਈ ਨੀਲ ਆਰ. ਲਾਇਟਫੁਟ, *ਜੀਜ਼ਸ ਕ੍ਰਾਈਸਟ ਟੂਡੇ ਵਿਚ ਸੂਚੀਬੱਧ ਹਨ: ਏ ਕਮੈਂਟਰੀ ਔਨ ਬੁੱਕ ਆਫ਼ ਹਿਬਰਿਊ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1976), 179. ਧੂਪ ਦੀ ਜਗਵੇਦੀ ਦੀ ਸਥਾਪਨਾ ਐੱਫ਼. ਐੱਫ਼. ਬਰੂਸ ਵਿਚ ਵਿਚਾਰੀ ਗਈ ਹੈ, *ਦ ਏਪਿਸਟਲ ਟੂ ਦਾ ਹਿਬਰਿਊ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔਨ ਦੀ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1964), 184-87. [4]ਡਰਹਮ, 398-99. [5]ਉਸੇ ਸਥਾਨ ਤੇ, 401. [6] ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 473. [7]ਓਵਿਡ ਆਰ. ਸੈਲਰਸ, *ਦ ਇੰਟਰਪਰੀਟਰਸ ਡਿਕਸ਼ਨਰੀ ਆਫ਼ ਦ ਬਾਈਬਲ* ਵਿਚ "ਵੇਟਸ ਐਂਡ ਮੇਜ਼ਰਸ," ਸੰਪਾ. ਜੋਰਜ ਆਰਥਰ ਬੁਟਟ੍ਰਿਕ (ਨੈਸ਼ਵਿਲ: ਅਬਿੰਗਡੋਨ ਪ੍ਰੈੱਸ, 1962), 4:832-33. [8]ਡਰਹਮ, 403. [9]ਇਸ "ਪ੍ਰਾਸਚਿਤ" ਦਾ ਕਾਰਣ ਗਿਸਪਨ ਵਿਚ ਵਿਚਾਰਿਆ ਗਿਆ ਹੈ, 282-83. [10]ਕੋਲ, 206.

[11]ਇਹ ਸਿੱਟਾ ਜੇਮਸ ਬਰਟਨ ਕੋਫ਼ਮੈਨ ਦੀ *ਕਮੈਂਟਰੀ ਔਨ ਐਕਸੋਡਸ* ਵਿਚ *ਦਿੱਤਾ ਗਿਆ ਹੈ, ਦੀ ਸੈਕੰਡ ਬੁੱਕ ਆਫ਼ ਮੋਜਸ* (ਅਬੀਲੀਨ, ਟੈਕਸਾਸ: ACU ਪ੍ਰੈੱਸ, 1985), 423. [12]ਉਸੇ ਸਥਾਨ ਤੇ, 425-26. [13]ਪੀਟਰ ਐਨਸ, *ਐਕਸੋਡਸ,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ, 2000), 541. [14]ਕੋਲ, 207. [15]ਐਨਸ, 541. [16]ਡਰਹਮ, 408. [17]ਉਸੇ ਸਥਾਨ ਤੇ।